# ਅੰਮ੍ਰਿਤ ਕੀਰਤਨ

ਈ-ਮੈਗਜ਼ੀਨ | e-Magazine



ਸੰਪਾਦਕ

ਡਾ. ਜਾਗੀਰ ਸਿੰਘ

ਅਕਤੂਬਰ ੨੦੨੬



# ਦ

ਦੁਖ ਬਿਨਾਂ ਕਦੇ ਸੁਖ ਨ ਮਿਲਦਾ,
ਦੁਖ ਦਾਰੂ ਹੈ ਸੁਖਾਂ ਹੂ।

ਬਿਰਛ ਲਾਉਣ ਲਈ ਕਸ਼ਟ ਉਠਾਵੇਂ,
ਫਿਰ ਲੈਂਦਾ ਸੁਖ ਰੁੱਖਾਂ ਹੂ।

ਹਰੀ ਭਜਨ ਬਿਨ ਕੁੱਝ ਨ ਹੁੰਦਾ,
ਦੇਖਿਆ ਸਭ ਮਨੁੱਖਾਂ ਹੂ।

ਸੰਤੋਖ ਭਜਨ ਤੂੰ ਰਬ ਦਾ ਕਰ ਲੈ,
ਦੂਰ ਕਰੇ ਸਭ ਦੁਖਾਂ ਹੂ।

# ਅੰਮ੍ਰਿਤ ਕੀਰਤਨ

**ਸੰਪਾਦਕ**
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ

**ਸਹਿ-ਸੰਪਾਦਕ**
**ਸ. ਅਰਸ਼ਦੀਪ ਸਿੰਘ**

ਸਹਿਯੋਗੀ
ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


**AMRIT KIRTAN TRUST**

**SCAN & PAY**

**UPI ID: drjagirsingh@sbi**


**ਅੰਮ੍ਰਿਤ ਕੀਰਤਨ ਲਈ ਡਰਾਫਟ, ਮਾਇਕ ਸਹਾਇਤਾ ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 98556 40630
e-mail: drjagirsingh@gmail.com
Website : http://www.amritkirtan.com



* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਮੈਜੇਸਟਿਕ ਪ੍ਰਿੰਟਿੰਗ ਪ੍ਰੈਸ**
ਬੇ-ਸ਼ਾਪ ਨੰ: 7, ਫੇਜ਼ 7, ਮੁਹਾਲੀ
ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ
ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


**ਕਰਉ ਬੇਨੰਤੀਆ**
ਪ੍ਰੋਫੈਸਰ ਤਾਰਾ ਸਿੰਘ ਜੀ ਨੂੰ ਯਾਦ ਕਰਦਿਆਂ 2

**ਭਾਈ ਹੀਰਾ ਸਿੰਘ ਜੀ** 3
ਮੇਜਰ ਆਗਿਆਪਾਲ ਸਿੰਘ

**ਪ੍ਰੇਰਨਾ ਪੱਤਰ** 13
ਡਾ. ਜਾਗੀਰ ਸਿੰਘ

**ਨਵੇਂ ਕੀਰਤਨੀਏ (ਭਾਗ-੨) - ਭਾਈ ਪ੍ਰਭਵੀਰ ਸਿੰਘ** 18
ਅਰਸ਼ਦੀਪ ਸਿੰਘ

**ਰਾਗ ਅੱਸ਼ਾਕ** 20
ਪ੍ਰੋ. ਗੁਰਬਖਸ਼ ਸਿੰਘ


**ਮੈਗਜੀਨ ਦਾ ਸਾਲਾਨਾ ਚੰਦਾ 600/-ਰੁਪਏ**
**ਮੈਗਜੀਨ ਦਾ ਚੰਦਾ ਆਪ ਜੀ ਆਨਲਾਈਨ ਹੇਠ ਲਿਖੇ ਅਨੁਸਾਰ ਭੇਜ ਸਕਦੇ ਹੋ:**

**DONATIONS TO AMRIT KIRTAN TRUST**

Cheques/Drafts should be sent in the name of AMRIT KIRTAN TRUST payable at Mohali. Donations can also be sent by money order at the address AMRIT KIRTAN TRUST (Regd.) 422, Sector 15-A,Chandigarh-160015. The Donations can be made by Electronic Transfer.

Bank details :

**AMRIT KIRTAN TRUST**

Saving Bank A/c No. 65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address and also the deposit details to enable us to send you the receipt.

# ਕਰਉ ਬੇਨੰਤੀਆ

## ਪ੍ਰੋਫੈਸਰ ਤਾਰਾ ਸਿੰਘ ਜੀ ਨੂੰ ਯਾਦ ਕਰਦਿਆਂ

ਪਿਛਲੇ ਦਿਨੀਂ ਮੈਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਥਾਪਿਤ ਗੁਰਮਤਿ ਸੰਗੀਤ ਚੇਅਰ ਵੱਲੋਂ ਪ੍ਰੋਫੈਸਰ ਤਾਰਾ ਸਿੰਘ ਅਵਾਰਡ ਦਿੱਤਾ ਗਿਆ। ਇਸ ਅਵਾਰਡ ਲਈ ਮੈਂ ਪ੍ਰੋਫੈਸਰ ਤਾਰਾ ਸਿੰਘ ਜੀ ਦੇ ਪਰਿਵਾਰ, ਗੁਰਮਤਿ ਸੰਗੀਤ ਚੇਅਰ ਦੇ ਇੰਚਾਰਜ ਡਾਕਟਰ ਅਲੰਕਾਰ ਸਿੰਘ ਜੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਾਹਿਬ ਦਾ ਬਹੁਤ ਧੰਨਵਾਦੀ ਹਾਂ।

ਇਸ ਸਮੇਂ ਪ੍ਰੋਫੈਸਰ ਤਾਰਾ ਸਿੰਘ ਜੀ ਨਾਲ ਸਬੰਧਤ ਯਾਦਾਂ ਮਨ ਵਿੱਚ ਉਛਾਲੇ ਮਾਰ ਰਹੀਆਂ ਹਨ। ਪਹਿਲੀ ਵਾਰ ਮੈਂ ਪ੍ਰੋਫੈਸਰ ਸਾਹਿਬ ਨੂੰ ਸੰਨ ੧੯੬੭ ਵਿੱਚ ਗੌਰਮਿੰਟ ਕਾਲਜ ਫਾਰ ਵਿਮਨ ਵਿਖੇ ਮਿਲਿਆ ਸਾਂ। ਉਦੋਂ ਆਗਰਾ ਘਰਾਣੇ ਦੇ ਪ੍ਰਸਿੱਧ ਗਾਇਕ ਸ੍ਰ. ਸੋਹਨ ਸਿੰਘ ਜੀ ਇਸ ਕਾਲਜ ਵਿੱਚ ਪ੍ਰੋਫੈਸਰ ਵਜੋਂ ਨਿਯੁਕਤ ਹੋ ਕੇ ਆਏ ਸਨ ਤੇ ਭਾਈ ਬਖਸ਼ੀਸ਼ ਸਿੰਘ ਜੀ ਉਹਨਾਂ ਨੂੰ ਮਿਲਣ ਗਏ ਸੀ ਤੇ ਮੈਂ ਉਦੋਂ ਭਾਈ ਸਾਹਿਬ ਨਾਲ ਬਤੌਰ ਸਹਾਇਕ ਰਾਗੀ ਕੀਰਤਨ ਕਰਦਾ ਸਾਂ। ਮੈਂ ਵੀ ਉਹਨਾਂ ਨਾਲ ਗਿਆ ਸਾਂ। ਸ੍ਰ. ਸੋਹਨ ਸਿੰਘ ਜੀ ਕੁਝ ਗਾ ਰਹੇ ਸਨ ਅਤੇ ਪ੍ਰੋ. ਤਾਰਾ ਸਿੰਘ ਜੀ ਉਹਨਾਂ ਨਾਲ ਤਬਲਾ ਵਜਾ ਰਹੇ ਸਨ। ਅਸੀਂ ਸਾਰੇ ਸ੍ਰ. ਸੋਹਨ ਸਿੰਘ ਜੀ ਦਾ ਬਹੁਤ ਸਤਿਕਾਰ ਕਰਦੇ ਸਾਂ।

ਬਾਅਦ ਵਿੱਚ ਜਦੋਂ ਮੇਰੇ ਦੋਵੇਂ ਭਰਾਵਾਂ ਡਾ ਬਚਿਤਰ ਸਿੰਘ ਅਤੇ ਡਾ ਗੁਰਨਾਮ ਸਿੰਘ ਨੇ ਪ੍ਰੋ. ਤਾਰਾ ਸਿੰਘ ਜੀ ਤੋਂ ਵਿਧੀਵੱਤ ਸਿਖਲਾਈ ਸ਼ੁਰੂ ਕੀਤੀ ਤਾਂ ਮੈਂ ਵੀ ਉਹਨਾਂ ਦੇ ਸੰਪਰਕ ਵਿੱਚ ਆ ਗਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਰਵਾਏ ਜਾਂਦੇ ਸ਼ਬਦ ਗਾਇਨ ਮੁਕਾਬਲਿਆਂ ਵਿੱਚ ਮੈਂ ਬਤੌਰ ਜੱਜ ਦੇ ਕਈ ਵਾਰ ਜਾਂਦਾ ਰਿਹਾ ਹਾਂ ਅਤੇ ਪ੍ਰੋਫੈਸਰ ਸਾਹਿਬ ਨੂੰ ਆਪਣੀ ਟੀਮ ਨਾਲ ਹਰਮੋਨੀਅਮ ਤੇ ਸੰਗਤ ਕਰਦਿਆਂ ਦੇਖਦਾ ਸਾਂ ਤਾਂ ਉਹਨਾਂ ਦੀ ਗੁਰਮਤਿ ਸੰਗੀਤ ਪ੍ਰਤੀ ਲਗਨ ਅਤੇ ਨਿਮਰਤਾ ਨੂੰ ਦੇਖ ਕੇ ਹੈਰਾਨ ਹੁੰਦਾ ਸਾਂ। ਪੀਐਚ.ਡੀ. ਦੀ ਰਿਸਰਚ ਕਰਨ ਸਮੇਂ ਪ੍ਰੋਫੈਸਰ ਸਾਹਿਬ ਦੀਆਂ ਲਿਖਤਾਂ ਖਾਸ ਕਰਕੇ ਉਹਨਾਂ ਦੀ ਪੁਸਤਕ 'ਗੁਰੂ ਤੇਗ ਬਹਾਦਰ ਰਾਗ ਰਤਨਾਵਲੀ' ਨੇ ਮੈਨੂੰ ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਦਾ ਵਿਸ਼ਲੇਸ਼ਣ ਕਰਨ ਦੀ ਜਿਹੜੀ ਜਾਚ ਸਿਖਾਈ ਉਹ ਸਦਾ ਮੇਰੇ ਅੰਗ ਸੰਗ ਰਹੀ।

ਅੰਮ੍ਰਿਤ ਕੀਰਤਨ ਟ੍ਰਸਟ ਦੀ ਸਥਾਪਨਾ ਕਰਕੇ ਜਦੋਂ ਅਸੀਂ 'ਅੰਮ੍ਰਿਤ ਕੀਰਤਨ' ਮੈਗਜ਼ੀਨ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਤਾਂ ਪ੍ਰੋਫੈਸਰ ਸਾਹਿਬ ਦੀਆਂ ਲਿਖਤਾਂ ਬਾਰੇ ਇੱਕ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ। ਉਹਨਾਂ ਦੀ ਇੱਕ ਪੁਸਤਕ 'ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ' ਪ੍ਰਕਾਸ਼ਿਤ ਕੀਤੀ। ਉਹਨਾਂ ਦੀ ਯਾਦ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਹੁੰਦੇ ਸ਼ਬਦ ਗਾਇਨ ਮੁਕਾਬਲਿਆਂ ਵਿੱਚ ਫਸਟ ਆਉਣ ਵਾਲੀ ਟੀਮ ਲਈ ਅੰਮ੍ਰਿਤ ਕੀਰਤਨ ਟ੍ਰਸਟ ਵੱਲੋਂ 'ਪ੍ਰੋਫੈਸਰ ਤਾਰਾ ਸਿੰਘ ਯਾਦਗਾਰੀ ਟ੍ਰਾਫੀ' ਪ੍ਰਦਾਨ ਕੀਤੀ।

ਉਹਨਾਂ ਦੀਆਂ ਹੁਣ ਅਨੇਕਾਂ ਪੁਸਤਕਾਂ ਆ ਗਈਆਂ ਹਨ ਜਿਹਨਾਂ ਨੇ ਗੁਰਮਤਿ ਸੰਗੀਤ ਨੂੰ ਅਕਾਦਮਿਕ ਸਮੱਗਰੀ ਮੁਹੱਈਆ ਕਰਾਉਣ ਵੱਡਾ ਯੋਗਦਾਨ ਪਾਇਆ ਹੈ। ਅਸੀਂ ਉਹਨਾਂ ਦੇ ਜੀਵਨ ਤੋਂ ਹਮੇਸ਼ਾ ਪ੍ਰੇਰਨਾ ਲੈਂਦੇ ਰਹਾਂਗੇ।

ਉਹਨਾਂ ਦੀ ਯਾਦ ਵਿੱਚ ਇਹ ਸਨਮਾਨ ਪ੍ਰਾਪਤ ਕਰਕੇ ਮੈਂ ਆਪਣੇ ਆਪ ਨੂੰ ਮਾਣ ਮੱਤਾ ਮਹਿਸੂਸ ਕਰਦਾ ਹਾਂ।

**ਭੁੱਲ ਚੁੱਕ ਖਿਮਾ**

ਜਾਗੀਰ ਸਿੰਘ

# ਭਾਈ ਹੀਰਾ ਸਿੰਘ ਜੀ

ਮੇਜਰ ਆਗਿਆਪਾਲ ਸਿੰਘ
ਸਪੁੱਤਰ ਭਾਈ ਹੀਰਾ ਸਿੰਘ ਜੀ

## ਸੰਤ ਗਾਥਾ ਲਿਖਤ ਭਾਈ ਸਾਹਿਬ ਵੀਰ ਸਿੰਘ ਜੀ ਅਨੁਸਾਰ:

**1.** ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਦਾ ਜਨਮ ਸੰਨ ੧੮੭੯ ਵਿੱਚ ਸੰਤ ਭਾਈ ਰਾਮ ਕਿਸ਼ਨ ਸੇਵਾ ਪੰਥੀ ਜੀ ਦੀ ਅਸੀਸ-ਅਰਦਾਸ ਸਦਕਾ ਇੱਕ ਪਛੜੇ ਤੇ ਮੁਸਲਮਾਨੀ ਇਲਾਕੇ ਦੇ ਪਿੰਡ ਫਿਰੂਕਾ (ਹਾਲ ਪਾਕਿਸਤਾਨ) ਵਿਖੇ ਹੋਇਆ। ਭਾਈ ਹੀਰਾ ਸਿੰਘ ਜੀ ਗੁਰਬਾਣੀ ਅਤੇ ਗੁਰ-ਇਤਿਹਾਸ ਦੀ ਸਿੱਖਿਆ ਆਪਣੇ ਪਿੰਡ ਦੇ ਇੱਕ ਵਿਦਵਾਨ ਅਤੇ ਗੁਣੀ ਪੁਰਸ਼ ਭਾਈ ਮਾਹਣਾ ਸਿੰਘ ਜੀ ਪਾਸੋਂ ਪ੍ਰਾਪਤ ਕਰਕੇ ਅਤੇ ਆਪਣੇ ਪਿਤਾ ਭਾਈ ਭਾਗ ਸਿੰਘ ਜੀ ਤੋਂ ਸੰਗੀਤ ਵਿਰਸੇ ਵਿੱਚ ਲੈ ਕੇ ਯੁਵਕ ਅਵਸਥਾ ਵਿੱਚ ਸ੍ਰੀ ਅੰਮ੍ਰਿਤਸਰ ਪੁੱਜੇ। ਇਥੇ ਸੇਵਾ ਸਿਮਰਨ ਅਤੇ ਨਾਲ ਸ੍ਰੀਮਾਨ ਸੰਤ ਅਤਰ ਸਿੰਘ ਜੀ ਦੀ ਸ਼ੁਭ ਸੰਗਤ ਪ੍ਰਾਪਤ ਹੋਈ ਅਤੇ ਨਾਮ ਦੀ ਰੰਗਣ ਚੜ੍ਹਦੀ ਗਈ, ਫਿਰ ਸਤਸੰਗ ਪ੍ਰਾਪਤ ਹੋਇਆ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ, ਜਿਸ ਨੇ ਸੋਨੇ ਤੇ ਸੁਹਾਗ ਦਾ ਕੰਮ ਕੀਤਾ:

**2.** ਭਾਈ ਹੀਰਾ ਸਿੰਘ ਜੀ ਦੀ ਜਿੰਦਗੀ ਦੇ ਥੋੜ੍ਹੇ ਜਿਹੇ ਸਾਲਾਂ (੧੮੭੯ ਤੋਂ ੧੯੨੬) ਵੱਲ ਨਜ਼ਰ ਮਾਰਦਿਆਂ ਪਤਾ ਚੱਲਦਾ ਹੈ ਕਿ ਉਨ੍ਹਾਂ ਦਾ ਸਾਰਾ ਜੀਵਨ ਪੰਥਕ ਉਸਾਰੀ ਵਿੱਚ ਬੀਤਿਆ! ਪ੍ਰਸਿੱਧ ਹਿਸਟੋਰੀਅਨ ਬਾਬਾ ਪ੍ਰੇਮ ਸਿੰਘ ਜੀ ਹੋਤੀ ਨੇ ਲਿਖਿਆ ਸੀ, "ਭਾਈ ਸਾਹਿਬ ਕੇਵਲ ਰਾਗੀ ਨਹੀਂ ਸਨ, ਸਗੋਂ ਰਾਗੀ ਹੋਣ ਦੇ ਨਾਲ ਨਾਲ ਓੱਚ ਪੰਥਕ ਉੱਨਤੀ ਦੇ ਸਾਰੇ ਕੰਮਾਂ ਦੀ ਰੂਹ ਸਨ, ਵਿੱਦਿਅਕ, ਧਾਰਮਕ, ਅਤੇ ਸੁਧਾਰਕ ਆਦਿ, ਐਸੀ ਕੋਈ ਲਹਿਰ ਹੀ ਨਹੀਂ ਸੀ ਜਿਸ ਵਿੱਚ ਭਾਈ ਹੀਰਾ ਸਿੰਘ ਜੀ ਨੇ ਤਨ ਮਨ ਧਨ ਕਰਕੇ ਵੱਧ ਤੋਂ ਵੱਧ ਹਿੱਸਾ ਨਾ ਲਿਆ ਹੋਵੇ।"

**3.** ੧੮੯੭-੯੮ ਵਿੱਚ ਉਨ੍ਹਾਂ ਨੇ ਕੀਰਤਨ ਕਰਨਾ ਅਰੰਭ ਕੀਤਾ ਸੀ। ਕੈਸਟ ਟੇਪ ਰੀਕਾਰਡਰ ਜਾ ਵੀਡੀਓ ਦਾ ਤਾਂ ਕੀ ਕਹਿਣਾ, ਉਦੋਂ ਗਰਾਮੋਫੋਨ ਤੇ ਲਾਊਡ ਸਪੀਕਰ ਵੀ ਹਾਲੀ ਨਹੀਂ ਸੀ ਹੁੰਦੇ ਫਿਰ ਵੀ ਭਾਈ ਸਾਹਿਬ ਦੇ ਕੀਰਤਨ ਵਿੱਚ ਹਾਜ਼ਰੀ ਪੰਜੀ-ਪੰਜੀ, ਤੀਹ-ਤੀਹ ਹਜ਼ਾਰ ਦੀ ਹੁੰਦੀ ਸੀ। ਉਨ੍ਹਾਂ ਦੇ ਕੀਰਤਨ ਦੀ ਖਿੱਚ ਤੇ ਕਥਨੀ ਦਾ ਪ੍ਰਭਾਵ ਇਸ ਕਦਰ ਸੀ ਕਿ ਸੰਗਤਾਂ ਨਿਯਮ ਸਮੇਂ ਤੋਂ ਪਹਿਲਾਂ ਆ ਜੁੜਦੀਆਂ ਤਾਂ ਜੋ ਅੱਗੇ ਥਾਂ ਲੱਭ ਸਕੇ। ਆਣ-ਜਾਣ ਦੇ ਸਾਧਨ ਵੀ ਓਨ੍ਹਾਂ ਦਿਨਾਂ ਵਿੱਚ ਕਠਨ ਸਨ। ਫਿਰ ਵੀ ਭਾਈ ਸਾਹਿਬ ਨੇ ਪਿਸ਼ਾਵਰ ਤੋਂ ਰਸ ਕੁਮਾਰੀ, ਕਸ਼ਮੀਰ ਤੋਂ ਕਰਾਚੀ, ਆਸਾਮ ਤੇ ਬਰਮਾ ਵਿੱਚ ਗੁਰੂ ਜੱਸ ਫੈਲਾਣ ਲਈ ਦਿਨ ਰਾਤ ਇੱਕ ਕੀਤਾ. ਕਈ-ਕਈ ਮੀਲ ਮੋਢਿਆਂ ਤੇ ਸਾਜ਼ ਚੁੱਕ ਕੇ ਆਪਣੇ ਬਜੁਰਗ ਪਿਤਾ ਜੀ ਨੂੰ ਨਾਲ ਲੈ ਪੰਜਾਬ ਦੇ ਛੋਟੇ ਵੱਡੇ ਸ਼ਿਹਰਾਂ ਅਤੇ ਪਿੰਡਾਂ ਵਿੱਚ ਪੁੱਜ ਕੇ ਉਨ੍ਹਾਂ ਦਾ ਸਿੱਖੀ ਦਾ ਸਿੰਘ ਨਾਦ ਵਜਾਇਆ ਤੇ ਗੁਰਬਾਣੀ ਰਾਗਾਂ ਵਿੱਚ ਗਾਇਨ ਕਰਕੇ ਖੁਦ ਕਿਸੇ ਉੱਚੇ ਮੰਡਲ ਵਿੱਚ ਪੁੱਜ ਕੇ ਸਰੋਤਿਆਂ ਨੂੰ ਸਜਲ ਨੇਤਰ ਕਰਕੇ ਅਰਸ਼ੀ ਜਲਵੇ ਦਿਖਾਏ।

ਭਾਈ ਤੇਜਾ ਸਿੰਘ ਜੀ ਕੋਹਲੀ ਨੇ ਗੁਰਮਤਿ ਪ੍ਰਕਾਸ਼ ਮਾਰਚ ੧੯੬੪ ਵਿੱਚ ਲਿਖਿਆ ਸੀ: "ਇਹ ਗੱਲ ਨਿਰਸੰਦੇਹ ਹੈ ਕਿ ਇੱਕ ਵਾਰੀ ਵੀ ਜਿਸ ਸ਼ਖਸ਼ ਨੇ ਭਾਈ ਹੀਰਾ ਸਿੰਘ ਜੀ ਦਾ ਕੀਰਤਨ ਤੇ ਕੀਰਤਨੀ ਵਿਆਖਿਆ ਸੁਣੀ ਤੇ ਉਨ੍ਹਾਂ ਦੇ ਗੁਰੂ ਕੀਰਤਨ ਨਾਲ ਜੁੜੇ ਮਨ ਅਤੇ ਗੁਰਬਾਣੀ ਨਾਲ ਅੰਦਰੋਂ ਬਾਹਰੋਂ ਫੁੱਟ-ਫੁੱਟ ਪੈਂਦੇ ਪ੍ਰੇਮ ਦੀ ਦਸ਼ਾ ਵੇਖੀ, ਉਹ ਪਹਿਲਾਂ ਵਰਗਾ ਨਾ ਰਹਿ ਸਕਦਾ, ਬਦਲ ਜਾਂਦਾ, ਸਚਾਈ ਸ਼ਾਹਿਸਤਗੀ, ਧਰਮ ਅਤੇ ਵਧੀਆ ਇਨਸਾਨੀਅਤ ਦੀ ਲੋਚਾ ਵਿੱਚ ਤੜਪ ਉਠਦਾ।"

**4.** ਹਿੰਦੁਸਤਾਨ ਭਰ ਵਿੱਚ ਹਰ ਥਾਂ ਹੋਣ ਵਾਲੇ ਗੁਰਮਤ ਸਮਾਗਮਾਂ (ਉਦੋਂ ਜਲਸੇ ਕਹੇ ਜਾਂਦੇ ਸਨ) ਵਿੱਚ

ਉਨ੍ਹਾਂ ਦੀ ਹਾਜ਼ਰੀ ਜਰੂਰੀ ਸਮਝੀ ਜਾਂਦੀ ਸੀ ਤੇ ਜਿਸ ਤੇ ਪੁੱਜੇ ਬਿਨਾਂ ਸੰਗਤਾਂ ਭਾਰੀ ਕਮੀ ਮਹਿਸੂਸ ਕਰਦੀਆਂ ਸਨ। ਉਨ੍ਹਾਂ ਨੇ ਜੀਵਨ ਭਰ ਨਿਰੋਲ ਗੁਰਮਤ ਦਾ ਪਰਚਾਰ ਕੀਤਾ। ਆਪਣੀ ਜਾਦੂ ਬਿਆਨੀ ਨਾਲ ਹਜ਼ਾਰਾਂ ਮਨੁੱਖਾਂ ਕੋਲੋਂ ਸ਼ਰਾਬ ਆਦਿ ਦੁਰਗੁਣ ਤੇ ਹੋਰ ਕੁਰੀਤੀਆਂ ਦਾ ਤਿਆਗ ਕਰਾਇਆ। ਊਚ ਨੀਚ ਦੇ ਭਰਮ ਮਿਟਾ ਕੇ ਗੁਰਮਤ ਦੇ ਗਾਡੀ ਰਾਹ ਤੇ ਚਲਾਇਆ, ਗੁਰ ਮਰਿਯਾਦਾ ਅਨੁਸਾਰ ਅਨੰਦ ਕਾਰਜ ਦੀ ਰਸਮ ਨੂੰ ਪਰਚਲਤ ਕੀਤਾ। ਗੁਰਦੁਆਰਿਆਂ ਦੇ ਸੁਧਾਰ ਨਮਿਤ ਦਿਲ ਹਿਲਾ ਦੇਣ ਵਾਲੀ ਵਿਆਖਿਆ ਨਾਲ ਸੁੱਤੀ ਕੌਮ ਨੂੰ ਜਗਾਇਆ। ਗੁਰਮਤਿ ਦੀਆਂ ਘੁੰਡੀਆਂ ਯੋਗਤਾ ਨਾਲ ਖੋਹਲ ਕੇ ਸੈਂਕੜੇ ਨਹੀਂ ਹਜ਼ਾਰਾਂ ਨੂੰ ਗੁਰੂ ਨਾਨਕ ਦੇਵ ਤੇ ਦਸਮੇਂ ਪਾਤਸ਼ਾਹ ਦੇ ਝੰਡੇ ਹੇਠ ਲਿਆ ਕੇ ਸਿੰਘ ਸਜਾਇਆ।

**5.** ਭਾਈ ਸਾਹਿਬ ਦੇ ਬਚਨਾਂ ਦਾ ਪ੍ਰਭਾਵ ਸੰਗਤਾਂ ਤੇ ਕਿਸ ਤਰ੍ਹਾਂ ਪੈਂਦਾ ਸੀ ਇਸ ਬਾਰੇ ਸ. ਹਰਦਿਤ ਸਿੰਘ ਜੀ ਮਲਿਕ ਆਈ.ਸੀ.ਐਸ ਤੇ ਸਾਬਕਾ ਰਾਜਦੂਤ ਭਾਰਤ ਸਰਕਾਰ ਨੇ ਉਨ੍ਹਾਂ ਦੀ ਅਦਭੁੱਤ ਸ਼ਕਤੀ ਦਾ ਅੱਖੀਂ ਵੇਖਿਆ ਨਜ਼ਾਰਾ ਜੋ ਅੰਗਰੇਜੀ ਵਿੱਚ ਲਿਖਤੀ ਰੂਪ ਵਿੱਚ ਕਾਫੀ ਵਿਸਥਾਰ ਵਿੱਚ ਹੈ, ਉਸ ਦੇ ਕੁਝ ਸ਼ਬਦ ਇਸ ਤਰ੍ਹਾਂ ਹਨ। :

"I was fortunate, when still a youngster, to hear the Jatha of Bhai Hira Singh Ji do kirtan Kirtan on several occasions and always found it entertaining because Bhai Hira Singh Ji had the gift of taking you entirely out of yourself and in a world of celestial song and rapture. This he was able to do - not only because of his knowledge and skill at 'rag' but also of the sweetness of his voice, his devotion and complete dedication to his work and his unusually sweet and humble personality.

This rare combination gave him the power, while he was doing Kirtan to hold completely the attention of his listeners, the Sangat, however large the congregation.

I personally witnessed a most impressive demonstration of this power. In 1893, I think it was, on the occasion of Sri Guru Nanak Dev Ji's Gurpurb at the evening Diwan which was being held at Gurudwara Janam Asthan at Nankana Sahib. I happened to be at that time Deputy Commissioner of Sheikhupura District in which Nankana Sahib was located and was there to see that everything possible was done to ensure a peaceful celebration of the Gurpurb. It was a very large congregation, almost a lakh of people and the Gurudwara itself, the courtyard outside and the roofs of the adjoining building were all packed with people. And as there were a large number of children of their mothers and aunts and so on, there was a lot of noise and confusion with people talking, women specially, and the children crying and yelling made the situation particularly difficult to handle the fact that the congregation was spread over such a large sprawling area.

The ragis were siting as usual near where there was Parkash of

Sri Guru Granth Sahib Ji inside the Gurudwara and when they started, the noise and confusion were such that even those of us who were sitting quite close to the ragis could hardly follow the Kirtan let alone the thousands sitting all around in an area extending to over a hundred yards from the centre. Remember those were the days before there were any loud-speakers. There was, therefore, complete chaos and most of us who tried to quiet down the people so that all those present could hear the ragis gave it up as a hopeless task.

Then Bhai Hira Singh Ji in his sweet low and melodious voice begged the people sitting close to him, say up to about ten yards away to keep completely silent, and after this was achieved, he widened yet another 10 yards the "silent" circle. Then gradually he continued to extend the circle until his voice reached those who were the farthest away on the roof tops. In this was he achieved complete silence throughout until. As they say you could have heard a pin drop. The Kirtan then proceeded for an hour or more with this vast congregation absolutely fascinated by Bhai Hira Singh Ji's performance.

I can never forget this amazing example of crowd control not through force or police but by sheer sweetness of personality."

**6.** ਇਹ ਠੀਕ ਹੈ ਕਿ ਆਪ ਦੇ ਕੀਰਤਨਾਂ ਵਿੱਚ ਲਛਮੀ ਮੀਂਹ ਦੀ ਤਰ੍ਹਾਂ ਵਸਦੀ ਸੀ ਪਰ ਭਾਈ ਸਾਹਿਬ ਦਾ ਯਤਨ ਹੁੰਦਾ ਸੀ ਕਿ ਜੇ ਮਾਇਆ ਆਵੇ ਉਹ ਵੱਧ ਤੋਂ ਵੱਧ ਪੰਥਕ ਕਾਰਜਾਂ ਪਰ ਖਰਚ ਹੋਵੇ ਉਹ ਮਾਇਆ ਤੋਂ ਨਿਰਲੇਪ ਰਹਿੰਦੇ ਹਨ, ਸਹੀ ਲਫਜ਼ਾਂ ਵਿੱਚ ਉਹ ਮਾਇਆ ਵਿੱਚ ਉਦਾਸੀ ਪੁਰਸ਼ ਸਨ।

**7.** ਭਾਈ ਹੀਰਾ ਸਿੰਘ ਜੀ ਨੇ ਦੁਨਿਆਵੀ ਵਿੱਦਿਆ ਤਾਂ ਬਹੁਤੀ ਨਹੀਂ ਸੀ ਪ੍ਰਾਪਤ ਕੀਤੀ ਪਰ ਭਾਈ ਸਾਹਿਬ ਜੁੱਧ ਸਿੰਘ ਜੀ ਦੇ ਸ਼ਬਦਾਂ ਵਿੱਚ ਵਾਹਿਗੁਰੂ ਨੇ ਉਸ ਨੂੰ ਅਗੰਮ ਦੀ ਵਿੱਦਿਆ ਬਖਸ਼ੀ ਹੋਈ ਸੀ। ਉਸ ਦੀ ਰਸਨਾ ਤੇ ਸੁਰਸਵਤੀ ਦਾ ਨਿਵਾਸ ਸੀ ਤੇ ਵਾਕ ਰਚਨਾ ਦਾ ਤਾਂ ਮਾਨੋ ਉਹ ਉਸਤਾਦ ਸੀ। ਉਸ ਦੀ ਵਿਆਖਿਆ ਤੇ ਮਜਮੂਨ ਬੰਦੀ ਏਨੀ ਵਿਸ਼ਾਲ ਹੁੰਦੀ ਸੀ ਕਿ ਹਜਾਰਾਂ ਸਰੋਤਿਆਂ ਨੂੰ ਇੱਕ ਸੂਤ ਵਿੱਚ ਮਾਲਾ ਦੇ ਮਣਕਿਆਂ ਵਾਂਗ ਪਰੋ ਕੇ ਬੰਨ ਛੱਡਦਾ ਸੀ ਤੇ ਕਮਾਲ ਇਹ ਸੀ ਕਿ ਤਿੰਨ-ਤਿੰਨ ਚਾਰ-ਚਾਰ ਘੰਟਿਆਂ ਵਿੱਚ ਕਿਸੇ ਨੂੰ ਹਿਲਣ ਨਹੀਂ ਸੀ ਦਿੰਦਾ। ਉਸ ਦੇ ਵਕਤੱਵਯ ਦਾ ਮਿੱਠਾ ਰੱਸ ਤੇ ਉਸ ਦੀ ਫਲਸਫਾ-ਤਰਤੀਬ ਉਸ ਦੇ ਨਾਲ ਤੁਰ ਗਈ, ਅੱਜ ਨਹੀਂ ਕਿਤੇ ਲੱਭਦੀ। ਹਾਂ ਜੀ, ਉਸ ਦੀ ਸਰੋਤਾ ਜਨਾਂ ਨੂੰ ਢਾਲ ਦੇਣ ਵਾਲੀ ਤੀਖਣ ਅਪੀਲ, ਪੱਥਰ ਦਿਲਾਂ ਨੂੰ, ਕਠੋਰ ਦਿਲਾਂ ਨੂੰ ਮੋਮ ਤੇ ਮੱਖਣ ਦੀ ਤਰ੍ਹਾਂ ਕੋਮਲ ਕਰ ਦੇਣ ਵਾਲੀ ਸ਼ਕਤੀ ਅੱਜ ਕਿੱਥੇ ਹੈ? ਕੋਈ ਜੀਵਨ ਸੀ, ਕੋਈ ਕਮਾਈ ਸੀ!

ਭਾਈ ਜੋਧ ਸਿੰਘ ਜੀ ਪ੍ਰਿੰਸੀਪਲ ਨੇ ਲਿਖਿਆ ਹੈ ਕਿ "ਉਨ੍ਹਾਂ ਦਾ ਮੁੱਖ ਪ੍ਰਯੋਜਨ ਪ੍ਰਚਾਰ ਸੀ ਨਾ ਕਿ ਮਾਇਆ ਇਕੱਤਰ ਕਰਨਾ। ਇਸੇ ਲਈ ਉਹ ਇਤਨੇ ਕਾਮਯਾਬ ਪ੍ਰਚਾਰਕ ਸਨ।"

**8.** ਜਦ ਪੰਥ ਵਿੱਚ ਵਿੱਦਿਅਕ ਉੱਨਤੀ ਦੇ ਯਤਨ ਹੋਏ ਤੇ ਖਾਲਸਾ ਹਾਈ ਸਕੂਲ ਅਥਵਾ ਕਾਲਜ ਖੁਲ੍ਹਣੇ ਸ਼ੁਰੂ ਹੋਏ ਤਾਂ ਭਾਈ ਹੀਰਾ ਸਿੰਘ ਜੀ ਨੇ ਹਰ ਆਸ਼ਰਮ ਲਈ ਆਪਣੀ ਸੇਵਾ ਅਰਪਨ ਕੀਤੀ ਤੇ ਮਾਇਆ

ਇਕੱਤਰ ਕਰਕੇ ਹਾਜ਼ਰ ਕੀਤੀ। ਇਸ ਸਬੰਧ ਵਿੱਚ ਖਾਲਸਾ ਸਮਾਚਾਰ ਦੇ ਮੁੱਖ ਲੇਖ ੯ ਸਤੰਬਰ ੧੯੨੬ ਵਿੱਚ ਲਿਖਿਆ ਹੈ "ਸਿੱਖ ਕੌਮ ਵਿੱਚ ਵਿਦਿਆ ਦੀ ਬ੍ਰਿਧੀ ਲਈ ਪ੍ਰਚਾਰ ਕਰਨ ਵਾਲਾ ਉਹ ਅਣਥਕ ਸੇਵਕ ਜਿਸ ਨੇ ਦੋ ਲੱਖ ਰੁਪੈ ਦੇ ਕਰੀਬ ਨਾਲ ਇੱਕ (ਖਾਲਸਾ ਹਾਈ ਸਕੂਲ ਫਿਰੂਕਾ) ਹਾਈ ਸਕੂਲ, ਬਣਾਇਆ ਤੇ ਪੰਥ ਦੇ ਲੱਗਭਗ ਸਾਏ ਆਸ਼ਰਮਾਂ ਨੂੰ ਆਪਣੇ ਪੁਰ ਅਸਰ ਕੀਰਤਨ ਨਾਲ ਲੱਖਾਂ ਦਾ ਦਾਨ ਦਿਵਾਇਆ. ਫਿਰੂਕਾ ਸਕੂਲ ਤਾਂ ਲੱਗਭਗ ਸਾਰਾ ਉਸ ਓਤਸ਼ਾਹ ਦੀ ਕਾਮਯਾਬੀ ਲਈ ਆਪਣੀ ਗਾੜ੍ਹੀ ਕਮਾਈ ਵਿੱਚੋਂ ਰਕਮ ਦੇ ਕੇ ਆਸ਼ਰਮ ਨੂੰ ਕਾਮਯਾਬ ਬਣਾਉਂਦੇ ਰਹੇ।"

**9.** ਸਿੰਘ ਸਭਾ ਦੇ ਸਮਾਗਮਾਂ ਵਿੱਚ ਭਾਈ ਹੀਰਾ ਸਿੰਘ ਜੀ ਨੇ ੧੮੯੭ ਤੋਂ ਹਿੱਸਾ ਲੈਣਾ ਸ਼ੁਰੂ ਕੀਤਾ। ਫਿਰੂਕੇ ਇਸੇ ਵਰ੍ਹੇ ਸਿੰਘ ਸਭਾ ਕਾਇਮ ਕੀਤੀ। ਜੇ ਉਸ ਵਕਤ ਗਿਣਤੀ ਦੀਆਂ ਸਿੰਘ ਸਭਾਵਾਂ ਵਿੱਚੋਂ ਸੀ। ਭਾਈ ਸਾਹਿਬ ਨੇ ਹਰ ਸਾਲ ਫਿਰੂਕੇ ਧਾਰਮਿਕ ਦੀਵਾਨ ਕਰਨੇ ਸ਼ੁਰੂ ਕੀਤੇ। ਗੁਰਮਤਿ ਪ੍ਰਚਾਰ ਤੋਂ ਇਲਾਵਾ ਵਿਦਿਅਕ ਉੱਨਤੀ ਲਈ ਭੀ ਜਾਗਰਿਤੀ ਲਿਆਂਦੀ ਜਿਸ ਦਾ ਸਿੱਟਾ ੧੯੦੬ ਵਾਲੇ ਦੀਵਾਨ ਦੇ ਅਵਸਰ ਪਰ ਫਿਰੂਕੇ ਇੱਕ ਕੰਨਿਆ ਪਾਠਸ਼ਾਲਾ ਖੋਲ੍ਹਣ ਦਾ ਫੈਸਲਾ ਹੋਇਆ। ਇਹ ਸਕੂਲ ਸਾਰੇ ਪੰਜਾਬ ਵਿੱਚ ਉਸ ਵਕਤ ਤੱਕ ਖੁਲ੍ਹੇ ਖਾਲਸਾ ਸਕੂਲਾਂ ਦੀ ਲਿਸਟ ਵਿੱਚ ਛੇਵੇਂ ਨੰਬਰ ਤੇ ਸੀ। ਇਹ ਉਹ ਦਿਨ ਸਨ ਜਦੋਂ ਸਿੰਘ ਸਭਾ ਦੀ ਬੜੀ ਵਿਰੋਧਤਾ ਹੁੰਦੀ ਸੀ। ਗੁਰ ਮਰਿਆਦਾ ਨਾਲ ਅਨੰਦ ਕਾਰਜ ਹੋਣ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਸਿੱਖ ਘਰਾਂ ਵਿੱਚ ਸਰਾਧ ਤੇ ਨਰਾਤੇ ਮਨਾਏ ਜਾਂਦੇ ਸਨ, ਗੁਰੁਦਆਰੇ ਭੇਜੇ ਜਾਂਦੇ ਸਨ। ਇਹਨਾਂ ਤੋਂ ਰੋਕਣਾ ਭਾਈ ਸਾਹਿਬ ਦੇ ਪ੍ਰਚਾਰ ਦਾ ਮੁੱਖ ਕਾਰਜ ਸੀ, ਸਿੰਘ ਸਭਾ ਲਹਿਰ ਦੇ ਫਲ ਸਰੂਪ ਚੀਫ਼ ਖਾਲਸਾ ਦੀਵਾਨ ਦੀ ਸਥਾਪਨਾ ਹੋਣ ਤੇ ਆਪ ਨੂੰ ਭਾਈ ਸਾਹਿਬ ਵੀਰ ਸਿੰਘ, ਸ. ਸੁੰਦਰ ਸਿੰਘ ਜੀ ਮਜੀਠੀਆ, ਸ. ਹਰਬੰਸ ਸਿੰਘ ਜੀ ਅਟਾਰੀ ਆਦਿ ਨਾਲ ਮਿਲ ਕੇ ਗੁਰਮਤਿ ਪ੍ਰਚਾਰ, ਅੰਮ੍ਰਿਤ ਪ੍ਰਚਾਰ ਅਤੇ ਪੰਥ ਦੀ ਅਨੇਕ ਤਰ੍ਹਾਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਸਿੱਖ ਐਜੁਕੇਸ਼ਨ ਕਾਨਫਰੰਸ ਦੀ ਸਥਾਪਨਾ ਕਰਨ ਵਾਲਿਆਂ ਵਿੱਚ ਆਪ ਇੱਕ ਮੋਢੀ ਸਨ। ਕਾਨਫਰੰਸਾਂ ਵਿੱਚ ਆਪ ਦੇ ਲਫਜ਼ਾਂ ਦਾ ਇਸ ਕਦਰ ਅਸਰ ਹੁੰਦਾ ਸੀ ਕਿ ਸੰਗਤਾਂ ਦੀਆਂ ਜੇਬਾਂ ਵਿੱਚ ਰੁਪਏ ਉਛਲ ਕੇ ਬਾਹਰ ਆ ਪੈਂਦੇ ਸਨ। ਆਪਣੇ ਵਾਜੇ ਤੇ ਆਈ ਮਾਯਾ ਵੀ ਉੱਥੇ ਹੀ ਦੇ ਦਿੰਦੇ ਸਨ।

10. ਭਾਈ ਹੀਰਾ ਸਿੰਘ ਦਾ ਨਾਂ ਨਨਕਾਣੇ ਸਾਹਿਬ ਦੇ ਮਹਾਨ ਇਤਿਹਾਸਕ (੧੯੨੧ ਵਾਲੇ) ਸਾਕੇ ਨਾਲ ਵੀ ਜੁੜਿਆ ਹੋਇਆ ਹੈ। ਗੁਰੂ ਕੇ ਬਾਗ ਦੇ ਮੋਰਚੇ ਸਮੇਂ ੧੯੨੨ ਵਿੱਚ ਮੰਜੀ ਸਾਹਿਬ ਦੇ ਨੇੜੇ ਦਿਵਾਨ ਸਜਿਆ ਕਰਦੇ ਸਨ। ਜਿਨ੍ਹਾਂ ਵਿੱਚ ਜਾਣ ਲਈ ਉਤਸ਼ਾਹ ਦਿੱਤਾ ਜਾਂਦਾ ਸੀ। ਇਨ੍ਹਾਂ ਦਿਵਾਨਾਂ ਵਿੱਚ ਭਾਈ ਸਾਹਿਬ ਕੀਰਤਨ ਦੇ ਨਾਲ ਸ਼ਹੀਦੀ ਪ੍ਰਸੰਗ ਸੁਣਾ ਕੇ ਸੰਗਤਾਂ ਵਿੱਚ ਜੋਸ਼ ਭਰਦੇ ਸਨ। ਇਸੇ ਤਰ੍ਹਾਂ ਜੈਤੋਂ ਦੇ ਮੋਰਚੇ ਸਮੇਂ ਅੰਗਰੇਜ਼ ਦੀਆਂ ਵਰ੍ਹਦੀਆਂ ਗੋਲੀਆਂ ਅੱਗੇ ਛਾਤੀ ਤਾਣ ਕੇ ਜਾਣ ਵਾਲਿਆਂ ਸ਼ਹੀਦੀ ਜੱਥਿਆਂ ਨੂੰ ਅਕਾਲ ਤਖਤ ਸਾਹਿਬ ਦੇ ਮੰਚ ਤੋਂ ਕੀਰਤਨ ਦੁਆਰਾ ਪ੍ਰੇਰਣਾ ਦੇਣ ਲਈ ਅਤੇ ਸੱਚੀ ਬੀਰਤਾ ਦਾ ਸਬਕ ਸਿਖਾਉਣ ਲਈ ਪੰਥ ਨੇ ਭਾਈ ਸਾਹਿਬ ਦੀ ਹਸਤੀ ਨੂੰ ਹੀ ਚੁਣਿਆ ਤੇ ਇਹ ਸੇਵਾ ਉਨ੍ਹਾਂ ਕਈ ਦਿਨ ਨਿਭਾਈ। ਇਨ੍ਹਾਂ ਕੀਰਤਨਾਂ ਵਿੱਚ ਆਈ ਮਾਇਆ ਇਨ੍ਹਾਂ ਸ਼ਹੀਦੀ ਜੱਥਿਆਂ ਦੇ ਬਸਤ੍ਰਾਂ ਤੇ ਲੰਗਰ ਆਦਿ ਲਈ ਸ਼ਰੋਮਣੀ ਕਮੇਟੀ ਦੀ ਸੇਵਾ ਵਿੱਚ ਅਰਪਨ ਕਰ ਦਿੱਤੀ।

11. ਸਿੰਘ ਸਭਾ ਪਤ੍ਰਿਕਾ ਦੇ 'ਭਾਈ ਹੀਰਾ ਸਿੰਘ ਅੰਕ' (ਨਵੰਬਰ ੧੯੭੯) ਵਿੱਚ ਪ੍ਰਸਿੱਧ ਵਿਦਵਾਨ ਗਿਆਨੀ ਗੁਰਦਿੱਤ ਸਿੰਘ ਜੀ ਨੇ ਭਾਈ ਸਾਹਿਬ ਬਾਰੇ ਇਸ ਤਰ੍ਹਾਂ ਲਿਖਿਆ ਹੈ: "ਭਾਈ ਹੀਰਾ ਸਿੰਘ ਅਜੇਹੇ ਅਨੇਕਾਂ ਲਿਸ਼ਕਦੇ ਪਹਿਲੂਆਂ ਵਾਲੇ ਹੀਰੇ ਸਨ ਜਿਨ੍ਹਾਂ ਦੇ ਜੀਵਨ ਦੇ ਕਿਸੇ ਪਹਿਲੂ ਨੂੰ ਵੀ ਦੇਖਿਆ ਜਾਵੇ. ਉਧਰੋਂ ਹੀ ਪੂਰੇ ਸੂਰੇ ਨਜ਼ਰ ਪੈਂਦੇ ਹਨ। ਉਨ੍ਹਾਂ ਦੇ ਜੀਵਨ ਦੇ ਜੀਵਨ ਦੇ ਹਾਲਾਤ ਜਿਉਂ ਜਿਉਂ ਮੈਂ

ਵਾਚਦਾ ਗਿਆ. ਸੰਚਿਤ ਕੀਤੀ ਸੈਂਚੀ ਅਤੇ ਰੀਪੋਰਟ ਵਿੱਚ ਦੇਖਦਾ ਗਿਆ ਮੇਰਾ ਅੰਦਰਲਾ ਸ਼ਰਧਾ ਦੇ ਰੰਗ ਨਾਲ ਭਰ ਕੇ ਅੱਖਾਂ ਥੀਂ ਵੱਗਦਾ ਰਿਹਾ. ਮੁੜ-ਮੁੜ ਖਿਆਲ ਉਭਰਦੇ ਰਹੇ, ਅਜੇਹਾ ਲਾਸਾਨੀ ਪੰਥ ਸੇਵਕ, ਅਜੇਹਾ ਨਿਰਮਾਣ ਪ੍ਰਚਾਰਕ, ਅਜੇਹਾ ਨਿਰਲੇਭ ਕੀਰਤਨੀਆ, ਅਦਭੁਤ ਵਿਆਖਿਆਕਾਰ ਕੀ ਸਿੱਖ ਪੰਥ ਵਿੱਚ ਏਸ ਸਦੀ ਕੋਈ ਹੋਰ ਵੀ ਹੋਇਆ ਹੈ? ਜਿੰਨੇ ਗੁਣ ਭਾਈ ਹੀਰਾ ਸਿੰਘ ਜੀ ਵਿੱਚ ਸਨ, ਏਨੇ ਕਿਸੇ ਹੋਰ ਵਿੱਚ ਹੋਣ ਤੱਦ ਹੀ ਉਸ ਉੱਪਰ ਉਂਗਲੀ ਟਿਕਾਈ ਜਾ ਸਕੇ? ਏਨੇ ਸੁੰਦਰ ਗੁਣਾਂ ਤੇ ਰਸ ਭਿੰਨੀਆਂ ਸੁਗੰਧੀਆਂ ਦਾ ਗੁਲਦਸਤਾ ਕਿਸੇ ਇੱਕ ਵਿਅਕਤੀ ਦੇ ਰੂਪ ਵਿੱਚ ਬਝਿਆ ਹੋਵੇ ਤੱਦ ਹੀ ਕਿਸੇ ਦਾ ਜ਼ਿਕਰ ਕੀਤਾ ਜਾ ਸਕੇ?"

"ਐਸੇ ਜਨ ਵਿਰਲੇ ਸੰਸਾਰੇ॥"

12. ਭਾਈ ਹੀਰਾ ਸਿੰਘ ਜੀ ਸ੍ਰੀ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਦੇ ਜੱਥੇ ਵਿੱਚ ਥੋੜਾ ਹੀ ਸਮਾਂ ਰਹੇ ਪਰ ਉਨ੍ਹਾਂ ਦੇ ਮਨ ਅੰਦਰ ਸ੍ਰੀ ਸੰਤ ਜੀ ਲਈ ਸਨਮਾਨ ਅੰਤ ਤੱਕ ਕਾਇਮ ਰਿਹਾ। ਧਾਰਮਿਕ ਦੀਵਾਨਾਂ ਵਿੱਚ ਤੇ ਸਿੱਖ ਐਜੂਕੁਸ਼ਨਲ ਕਾਨਫਰੰਸਾਂ ਦੇ ਸਮਾਗਮਾਂ ਪਰ ਇਕੱਠੇ ਪ੍ਰਚਾਰ ਕਰਨ ਦੀ ਸੇਵਾ ਕਰਦੇ ਰਹੇ। ਆਪਣੇ ਨਗਰ ਫਿਰੂਕੇ ਵਿੱਚ ਕਰੀਬਨ ਹਰੇਕ ਧਾਰਮਿਕ ਦੀਵਾਨ ਦੇ ਅਵਸਰ ਪਰ ਸੰਤ ਜੀ ਨੂੰ ਬੇਨਤੀ ਕਰਕੇ ਲੈ ਜਾਂਦੇ ਤੇ ਕਈ ਕਈ ਦਿਨ ਉੱਥੇ ਕੀਰਤਨ ਦੇ ਪ੍ਰਵਾਹ ਚਲਦੇ ਸਨ। ਪਹਿਲੀ ਵਾਰੀ ਫਿਰੂਕੇ ਸੰਤ ਜੀ ੧੯੦੩ ਵਿੱਚ ਗਏ ਤੇ ੧੮ ਦਿਨ ਰਹਿ ਕੇ ਉੱਥੇ ਉਨ੍ਹਾਂ ਨੇ ਕੀਰਤਨ ਦੀ ਵਰਖਾ ਲਾਈ। ਇਨ੍ਹਾਂ ਹੀ ਦਿਨਾਂ ਵਿੱਚ, ਇੱਕ ਸ਼ਾਮ ਨੂੰ ਸ੍ਰੀ ਸੰਤ ਜੀ ਇੱਕ ਖੂਹ ਦੇ ਨੇੜੇ ਜਾ ਬੈਠੇ ਤੇ ਸਿਮਰਨ ਵਿੱਚ ਮਗਨ ਹੋ ਗਏ। ਜਦ ਸਮਾਧੀ ਖੁਲ੍ਹੀ ਤਾਂ ਬਚਨ ਕੀਤਾ ਕਿ "ਇੱਥੇ ਕਿਸੇ ਗੁਰਮੁਖ ਨੇ ਅਭਿਆਸ ਕੀਤਾ ਹੈ, ਚਿਤ ਖਿੜਿਆ ਹੈ।" ਭਾਈ ਹੀਰਾ ਸਿੰਘ ਜੀ ਨੇ ਉਸ ਖੂਹ ਦੀ ਜਮੀਨ ਹੀ ਖਰੀਦ ਲਈ ਤੇ ਜਿਸ ਜਗ੍ਹਾਂ ਤੇ ਸੰਤ ਜੀ ਬੈਠੇ ਸਨ, ਉਸ ਜਗ੍ਹਾਂ ਤੇ ਇੱਕ ਗੁਫਾ ਬਣਵਾ ਦਿੱਤੀ. ਇਸ ਗੁਫਾ ਦੀ ਸੇਵਾ ਭਾਈ ਸਾਹਿਬ ਨੇ ਇਲਾਕੇ ਦੀਆਂ ਸੰਗਤਾਂ ਦੇ ਨਾਲ ਬਾਣੀ ਪੜ੍ਹਦਿਆਂ ਕੀਤੀ। ਇਹ ਗੁਫਾ ਇੱਕ ਛੋਟੀ ਜਿਹੀ ਦੋ ਮੰਜਲੀ ਇਮਾਰਤ ਸੀ, ਜਿਸ ਹੇਠ ਇੱਕ ਤਹਿਖਾਨਾ ਤੇ ਉੱਪਰ ਇੱਕ ਚੁਬਾਰਾ ਸੀ। ਉਸ ਤੋਂ ਪਿੱਛੇ ਜਦ ਵੀ ਸੰਤ ਜੀ ਫਿਰੂਕੇ ਆਂਦੇ ਇਸੇ ਗੁਫਾ ਵਿੱਚ ਬਿਸਰਾਮ ਕਰਦੇ। ਭਾਈ ਸਾਹਿਬ ਜੀ ਜਦ ਕਈ ਕੁਝ ਚਿਰ ਫਿਰੂਕੇ ਆ ਟਿਕਦੇ ਤਾਂ ਉਸੇ ਗੁਫਾ ਦੇ ਇਕਾਂਤ ਟਿਕਾਣੇ ਤੇ ਬੈਠ ਕੇ ਕੀਰਤਨ ਅਤੇ ਭਜਨ ਸਿਮਰਨ ਕਰਦੇ ਤੇ ਆਤਮਕ ਰਸ ਮਾਣਦੇ। ਕਾਸ਼ ਕਿ ਇਹ ਗੁਫਾ ਅਜ ਭਾਰਤ ਵਿੱਚ ਹੁੰਦੀ!

13. ਭਾਈ ਅਰਦਮਨ ਸਿੰਘ ਬਾਗੜੀਆਂ 'ਸਿੱਖ ਸੰਗੀਤਕਾਰ' ਸਿਰਲੇਖ ਹੇਠ ਇੱਕ ਥਾਂ ਲਿਖਦੇ ਹਨ, ਪਹਿਲੋਂ ਪਹਿਲ ਭਾਈ ਹੀਰਾ ਸਿੰਘ, ਭਾਗ ਸਿੰਘ ਜੀ ਨੂੰ ਜਦ ਮੈਂ ਸੁਣਿਆ ਤਾਂ ਉਹ ਬਾਗੜੀਏ ਹੀ ਆਏ ਸਨ ਤੇ ਮੈਂ ਘਰ ਹੀ ਸਕੂਲ ਦੀਆਂ ਜਮਾਤਾਂ ਦੀ ਪੜ੍ਹਾਈ ਕਰਦਾ ਸੀ। ਪਿਛੋਂ ਵੀ ਉਹਨਾਂ ਦਾ ਅਦਭੁੱਤ ਕੀਰਤਨ ਸੁਨਣ ਦਾ ਅਕਸਰ ਮੌਕਾ ਮਿਲਦਾ ਰਿਹਾ। ਸਾਖੀ ਪ੍ਰਮਾਣ ਦਾ ਕੀਰਤਨ ਅਸਲ ਵਿੱਚ ਬਹੁਤਾ ਉਨ੍ਹਾਂ ਦਾ ਪ੍ਰਚਲਤ ਕੀਤਾ ਸੀ, ਪਹਿਲਾਂ ਤਾਂ ਸ਼ਬਦ ਪ੍ਰਮਾਣ ਦਾ ਹੀ ਕੀਰਤਨ ਕਰ ਦਿੰਦੇ ਸਨ। ਜੋ ਸਾਖੀ ਸੁਨਣ ਦਾ ਰਸ ਭਾਈ ਹੀਰਾ ਸਿੰਘ ਜੀ ਦੀ ਰਸਨਾ ਵਿੱਚ ਸੀ, ਵੈਸੇ ਅਜ ਤੱਕ ਮੇਰੇ ਕੰਨੀ ਹੋਰ ਨਹੀਂ ਪਿਆ। ਉਹਨਾਂ ਦੇ ਪਿਤਾ ਭਾਈ ਭਾਗ ਸਿੰਘ ਜੀ ਤਾਊਸ ਬਜਾਉਂਦੇ ਸਨ ਅਤੇ ਨਾਲ ਗਾਉਂਦੇ-ਗਾਉਂਦੇ ਤਾਊਸ ਦੀ ਆਵਾਜ਼ ਨਾਲ ਆਪਣੀ ਆਵਾਜ਼ ਮਿਲਾ ਦਿੰਦੇ ਸਨ। ਭਾਈ ਹੀਰਾ ਸਿੰਘ ਜੀ ਨੂੰ ਛੇਤੀ ਹੀ ਅਕਾਲ ਪੁਰਖ ਵਲੋਂ ਸੱਦਾ ਆ ਗਿਆ। ਜਦ ਉਹ ਬੀਮਾਰ ਕਸ਼ਮੀਰ ਗਾਂਦਰਬਲ ਠਹਿਰੇ ਸਨ ਤਾਂ ਮੇਰੇ ਛੋਟੇ ਭਾਈ ਦੇ ਆਨੰਦ ਕਾਰਜ ਵੇਲੇ ਮੈਂ ਉਹਨਾਂ ਨੂੰ ਸ੍ਰੀ ਨਗਰ ਲੈਕੇ ਆਇਆ ਤੇ ਉਨ੍ਹਾਂ ਨੇ ਅਸ਼ੀਰਵਾਦ ਦਿੱਤੀ, ਉਹ ਦਰਸ਼ਨ ਉਹਨਾਂ ਦੇ ਅਖੀਰੀ ਹੋਏ ਸਨ।"

14. ਭਾਈ ਹੀਰਾ ਸਿੰਘ ਜੀ ਦੇ ਪ੍ਰੇਮ ਭਿੰਨੀ ਵਿਆਖਿਆ ਸੁਣ ਕੁ ਲੋਕ ਖਾਣ ਪੀਣ ਭੁੱਲ ਜਾਂਦੇ ਸਨ, ਘਰ

ਬਾਹਰ ਛੱਡ ਟੁਰਦੇ ਸਨ। ਸ਼ੇਰੇ ਪੰਜਾਬ ਦਿੱਲੀ ੨ ਸਤੰਬਰ, ੧੯੫੧ ਦੇ ਪਰਚੇ ਵਿੱਚ ਸ. ਤ੍ਰਿਲੋਚਨ ਸਿੰਘ ਜੀ ਨੇ ਲਿਖਿਆ ਸੀ "ਲਾਹੌਰ ਦੀ ਗੱਲ ਹੈ ਇੱਕ ਵਾਰੀ ਭਾਈ ਸਾਹਿਬ ਕੀਰਤਨ ਕਰ ਰਹੇ ਸਨ ਤੇ ਮਿਸਟਰ ਮੁਹੰਮਦ ਅਸ਼ਰਫ ਜੋ ਉਨੀਂ ਦਿਨੀਂ ਇੰਜੀਨੀਅਰ-ਇਨ-ਚੀਫ ਦੇ ਦਫਤਰ ਵਿੱਚ ਸੁਪਰੰਡਟ ਸਨ, ਉਹ ਵੀ ਕੀਰਤਨ ਵਿੱਚ ਬੈਠੇ ਸਨ। ਭਾਈ ਸਾਹਿਬ ਨਾਮ ਸਿਮਰਨੋ ਦੇ ਵਿਸ਼ੇ ਤੇ ਬੋਲ ਰਹੇ ਸਨ, ਅਸ਼ਰਫ ਸਾਹਿਬ ਪਰ ਪਰ ਇਤਨਾ ਪ੍ਰਭਾਵ ਪਿਆ ਕਿ ਉਹ ਘਰ ਬਾਰ ਤਿਆਗ ਕਿਸੇ ਇਕਾਂਤ ਥਾਂ ਚਲੇ ਗਏ ਤਾਂ ਜੋ ਸਿਮਰਨ ਕਰ ਸਕਣ। ਭਾਈ ਸਾਹਿਬ ਨੂੰ ਪਤਾ ਲੱਗਿਆ ਤਾਂ ਉਹ ਉਨ੍ਹਾਂ ਨੂੰ ਵਾਪਸ ਲੈ ਆਏ ਤੇ ਗੁਰਮਤ ਵਿੱਚ, ਗ੍ਰਿਹਸਤ ਵਿੱਚ ਰਹਿੰਦਿਆਂ ਹੀ ਨਾਮ ਸਿਮਰਨ ਸਭ ਤੋਂ ਉੱਤਮ ਮੰਨਿਆ ਗਿਆ ਹੈ। ਇਸ ਪਰ ਅਸ਼ਰਫ ਸਾਹਿਬ ਘਰ ਮੁੜੇ ਤੇ ਆਪਣੇ ਪਰਿਵਾਰ ਵਿੱਚ ਰਹਿੰਦਿਆਂ ਹੀ ਬਰਾਬਰ ਨਾਮ ਸਿਮਰਨ ਕਰਦੇ ਰਹੇ। ਉਸ ਤੋਂ ਬਾਅਦ ਅਸ਼ਰਫ ਸਾਹਿਬ ਜਦ ਵੀ ਮਿਲਦੇ, ਕਹਿੰਦੇ ਕਿ "ਉਹ ਵਕਤ ਕਦੀ ਨਹੀਂ ਭੁੱਲਦਾ।"

15. ਪ੍ਰਸਿੱਧ ਵਿਦਵਾਨ ('ਸ੍ਰੀ ਗੁਰੂ ਗਰੰਥ ਸਾਹਿਬ ਦਰਪਣ' ਦੇ ਲੇਖਕ) ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਆਪਣੀ 'ਜੀਵਨ ਕਹਾਣੀ' ਵਿੱਚ ਲਿਖਿਆ ਹੈ, ਸਭ ਤੋਂ ਪਹਿਲਾਂ ਉਹ ੧੯ ਸਤੰਬਰ ੧੯੧੫ ਥਰਡ ਮਾਸਟਰ ਦੇ ਤੌਰ ਤੇ ਭਾਈ ਹੀਰਾ ਸਿੰਘ ਜੀ ਰਾਗੀ ਦੇ ਉਦਮ ਨਾਲ ਖੋਹਲੇ ਗਏ ਖਾਲਸਾ ਹਾਈ ਸਕੂਲ ਫਿਰੂਕਾ ਜੋ ਭਾਈ ਸਾਹਿਬ ਨੇ ਆਪਣੇ ਨਗਰ ਫਿਰੂਕੇ ਵਿੱਚ ੧੯੦੮ ਵਿੱਚ ਖੋਲਿਆ ਸੀ ਤੇ ਜਿਸ ਦਾ 'ਨੀਂਹ ਪੱਥਰ' ਸਰਦਾਰ ਸੁੰਦਰ ਸਿੰਘ ਜੀ ਮਜੀਠੀਆ ਨੇ ਸੰਤ ਅਤਰ ਸਿੰਘ ਜੀ, ਭਾਈ ਸਾਹਿਬ ਅਰਜਨ ਸਿੰਘ ਜੀ ਬਾਗੜੀਆਂ, ਸੰਤ ਗੁਰਬਖਸ਼ ਸਿੰਘ ਜੀ ਪਟਿਆਲਾ ਦੇ ਨਾਲ ਹੋ ਕੇ ਰੱਖਿਆ ਸੀ, ਵਿੱਚ ਨਿਯੁਕਤ ਹੋਏ ਸਨ। ਉਹ ਏਸ ਸਕੂਲ ਤੋਂ ਪਹਿਲਾਂ ਲਾਹੌਰ ਕਾਲਜ ਦੇ ਦਿਨਾਂ ਵਿੱਚ ਪੜ੍ਹਾਈ ਦਾ ਹਰਜ ਕਰਕੇ ਵੀ ਭਾਈ ਸਾਹਿਬ ਦੇ ਕੀਰਤਨ ਵਿੱਚ ਪੁੱਜਦੇ ਰਹੇ। ਉਹ ਭਾਈ ਸਾਹਿਬ ਦੀ ਵਿਆਖਿਆ ਸ਼ਕਤੀ ਦਾ ਕਮਾਲ ਇਸ ਤਰ੍ਹਾਂ ਬਿਆਨ ਕਰਦੇ ਸਨ।

"ਮੈਨੂੰ ਪਹਿਲਾਂ ਪਹਿਲ ਭਾਈ ਹੀਰਾ ਸਿੰਘ ਜੀ ਤੋਂ ਕੀਰਤਨ ਸੁਣਨ ਦਾ ਮੌਕਾ ਲਾਹੌਰ ਮਿਲਿਆ ਸੀ। ਜਦੋਂ ਉਹ ਸਾਖੀ ਸੁਣਾਉਂਦੇ ਸਨ ਤਦੋਂ ਤਾਂ ਕਮਾਲ ਹੋ ਜਾਂਦਾ ਸੀ, ਹਰ ਪਾਸੇ ਵੈਰਾਗ-ਜਲ ਦੇ ਹੱੜ ਚੱਲ ਪੈਂਦੇ ਸਨ, ਕੋਈ ਕੋਰੇ ਤੋਂ ਕੋਰਾ ਬੰਦਾ ਵੀ ਉਸ ਵਿੱਚ ਰੁੜ੍ਹਨੋਂ ਰਹਿ ਨਹੀਂ ਸਕਦਾ। ਕਾਲਜ ਦੀ ਪੜ੍ਹਾਈ ਹਰ ਕਰਕੇ ਭੀ ਮੈਂ ਤਿੰਨ ਹਫਤੇ ਦੋਵੇਂ ਵੇਲੇ ਉਨ੍ਹਾਂ ਦੇ ਦੀਵਾਨ ਵਿੱਚ ਹਾਜ਼ਰ ਹੁੰਦਾ ਰਿਹਾ।"

"ਪਰ ਮੈਂ ਉਹਨਾਂ ਦਾ ਵੱਧੀਆ ਚਮਤਕਾਰ ਵੇਖਿਆ, ਸਾਹੀਵਾਲ ਦੇ ਦੀਵਾਨ ਵਿੱਚ। ਸਵੇਰੇ ਭਾਈ ਹੀਰਾ ਸਿੰਘ, ਭਾਗ ਸਿੰਘ ਜੀ, ਦੀਵਾਨ ਵਿੱਚ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਮੇਰੇ ਗੁਆਂਢ ਅੱਧਖੜ ਉਮਰ ਦੇ ਦੋ ਸਿੱਖ ਬੈਠੇ ਹੋਏ ਸਨ। ਉਹ ਦੋਵੇਂ ਨਾਲ ਤਾਂ ਭਾਈ ਹੀਰਾ ਸਿੰਘ ਦੀ ਨਿੰਦਾ ਕਰੀ ਜਾਣ, ਨਾਲੇ ਉਹਨਾਂ ਨੂੰ ਬੜੀਆਂ ਖਰ੍ਹਵੀਆਂ ਗਾਲ੍ਹਾਂ ਕੱਢੀ ਜਾਣ। ਮੈਂ ਬੜਾ ਹੈਰਾਨ ਹੋਵਾਂ ਕਿ ਇਹਨਾਂ ਦੇ ਅੰਦਰ ਭਾਈ ਸਾਹਿਬ ਵਾਸਤੇ ਇਤਨੀ ਹੀ ਨਫਰਤ ਹੈ, ਤਾਂ ਇੱਥੇ ਬੈਠ ਕੇ ਆਪਣਾ ਵਕਤ ਕਿਓਂ ਜਾਇਆ ਕਰ ਰਹੇ ਹਨ। ਇਤਨੇ ਨੂੰ ਵਕਤ ਆ ਗਿਆ ਜਦੋਂ ਭਾਈ ਸਾਹਿਬ ਜੀ ਨੇ ਕੋਈ ਸਾਖੀ ਸੁਣਾਉਣੀ ਸੀ। ਸਾਖੀ ਸੁਣਾਉਣ ਤੋਂ ਪਹਿਲਾਂ ਕੁਝ ਇਉਂ ਜਿਹੇ ਕਹਿਣ ਲੱਗੇ "ਸਾਧ ਸੰਗਤ ਜੀ! ਲੋਕ ਮੈਨੂੰ ਗਢ-ਕਪ, ਜੇਬ ਕੁਤਰਾ ਆਖਦੇ ਹਨ. ਤੁਸਾਂ ਹੁਣ ਧਿਆਨ ਨਾਲ ਆਪਣੀਆਂ ਜੇਬਾਂ ਦੀ ਸੰਭਾਲ ਕਰਨੀ। ਫੇਰ ਉਹਨਾਂ ਸਾਖੀ ਸੁਣਾਉਣੀ ਸ਼ੁਰੂ ਕੀਤੀ। ਮੇਰੇ ਪਾਸ ਬੈਠੇ ਨਿੰਦਕ ਨਾਲ ਰੋਣ ਤੇ ਵਾਰੋ ਵਾਰੀ ਉੱਠ ਕੇ ਭਾਈ ਹੀਰਾ ਸਿੰਘ ਜੀ ਨੂੰ ਮਥੇ ਟੇਕਣ ਤੇ ਰੁਪਏ ਭੇਟ ਕਰਨ। ਤਿੰਨ ਵਾਈ ਇਸ ਤਰ੍ਹਾਂ ਜਾਂਦੇ ਮੈਂ ਵੇਖੇ ਤੇ ਮੈਂ ਆਪ ਮੁਹਾਰੇ ਆਖਿਆ: ਵਾਹ!

"ਕਸਬੋ ਕਮਾਲ ਕੁਨ ਕਿ ਅਜ਼ੀਜੇ ਜਹਾਂ ਸਵੀ"

16. ਸ. ਹਾਕਮ ਸਿੰਘ (ਓਵਰਸੀਅਰ) ਨਵੀ ਬਸਤੀ, ਸੰਗਰੂਰ ਅਜਿਹਾ ਵਾਕਿਆ ਹੋਰ ਕਰਦੇ ਹਨ।
"ਸੰਗਰੂਰ ਪਾਸ ਅਕੋਈ ਸਾਹਿਬ ਪਿੰਡ ਹੈ, ਛੇਵੀਂ ਪਾਤਸ਼ਾਹੀ ਦਾ ਗੁਰਦੁਆਰਾ ਵੀ। ਇਸ ਪਿੰਡ ਵਿੱਚ ਜੰਗ ਸਿੰਘ ਹੋਰਾਂ ਇੱਕ ਵਾਰੀ ਭਾਈ ਹੀਰਾ ਸਿੰਘ ਜੀ ਨੂੰ ਬੁਲਾਇਆ। ਆਪ ਨੇ ਏਥੇ ਕੀਰਤਨ ਕੀਤਾ। ਪ੍ਰਸੰਗ ਬਿਖਿਆ (ਤੰਬਾਕੂ) ਦੇ ਖੰਡਨ ਦਾ ਵਿਸ਼ਾ ਲਿਆ। ਇਕ ਜੰਗਲੀ ਬਾਂਗਰੂ ਆਦਮੀ, ਜੋ ਸ. ਜੰਗ ਸਿੰਘ ਹੋਰਾਂ ਦਾ ਨੌਕਰ ਸੀ। ਉਹ ਵੀ ਦੀਵਾਨ ਵਿੱਚ ਹਾਜ਼ਰ ਸੀ। ਭਾਈ ਸਾਹਿਬ ਦੀ ਕਥਨੀ ਦਾ ਉਸ ਉਪਰ ਐਸਾ ਅਸਰ ਹੋਇਆ ਕਿ ਉਸ ਨੇ ਆਪਣੇ ਮਨ ਵਿਚ ਉਸ ਵੇਲੇ ਪੱਕਾ ਪ੍ਰਣ ਕਰ ਲਿਆ ਕਿ ਅਜ ਤੋਂ ਤੰਬਾਕੂ ਬਿਲਕੁਲ ਨਹੀਂ ਪੀਣਾ। ਘਰ ਆ ਕੇ ਕਿਸੇ ਨੇ ਉਸ ਨੂੰ ਆਖਿਆ ਕਿ ਤੰਬਾਕੂ ਪੀਣ ਵਾਲਾ ਸੰਦ (ਹੁੱਕਾ) ਤਾਂ ਬਾਹਰ ਸੁਟ ਦੇਹ, ਉਸ ਨੇ ਉਤਰ ਦਿੱਤਾ ਕਿ ਹੁਣ ਇਸ ਨੂੰ ਹੱਥ ਵੀ ਨਹੀਂ ਲਾਉਣਾ। ਫਿਰ ਉਸ ਨੇ ਸਾਰੀ ਉਮਰ ਤੰਬਾਕੂ ਨਹੀਂ ਪੀਤਾ। ਕੁਝ ਚਿਰ ਪਿਛੋਂ ਫੇਰ ਉਹ ਸਿੰਘ ਸੱਜ ਗਿਆ।"

17. ਭਾਈ ਹੀਰਾ ਸਿੰਘ ਜੀ ਨੂੰ ਜਿਨ੍ਹਾਂ ਨੇ ਵੀ ਸੁਣਿਆ, ਸਭਨਾਂ ਨੇ ਇਸ ਦੀ ਸਾਖੀ ਭਰੀ ਹੈ ਕਿ ਉਹ ਦੀਵਾਨਾਂ ਵਿੱਚ ਆਪਣੇ ਬਚਨਾਂ ਦਾ ਜਾਦੂ ਧੂੜ ਕੇ ਕੁਝ ਤੋਂ ਕੁਝ ਕਰ ਵਿਖਾਂਦੇ ਸਨ। ਸਭ ਤੋਂ ਵੱਡੀ ਸਾਖ ਉਨ੍ਹਾਂ ਦੇ ਅਤਿ ਨਿਕਟ ਵਰਤੀ ਸਜਣਾਂ ਵਿੱਚੋਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਸਨ। ਭਾਈ ਵੀਰ ਸਿੰਘ ਜੀ ਨੇ ਉਨ੍ਹਾਂ ਦੀ ਚਮਤਕਾਰੀ ਕਥਨੀ ਦੀ ਗਵਾਹੀ ਇੱਕ ਲੇਖ ਵਿੱਚ ਇਸ ਤਰ੍ਹਾਂ ਦਿੱਤੀ ਹੈ:
"ਅਧ ਚੇਤਰ ਬੀਤ ਚੁਕਾ ਹੈ, ਗਰਮੀ ਨੇ ਸਰਦੀ ਦਾ ਖਰਵਾਪਨ ਦੂਰ ਕਰਕੇ ਗੁਲਾਬੀ ਰੁਤ ਬਣਾ ਦਿੱਤੀ ਹੈ। ਸੁਕੇ ਸੜੇ ਬ੍ਰਿਛਾਂ ਵਿੱਚ ਵੀ ਬਸੰਤ ਨੇ ਨਵੇਂ ਜੀਵਨ ਦੀ ਰੂਹ ਫੂਕ ਦਿੱਤੀ ਹੈ। ਸ਼ਗੂਫੇ ਖਿੜ ਰਹੇ ਹਨ, ਹਰਿਆਵਲ ਲਹਿ ਲਹਾ ਰਹੀ ਹੈ, ਫੁਰ ਮਹਿਕ ਰਹੇ ਹਨ, ਨੀਲੇ ਆਕਾਸ਼ ਵਿੱਚ ਤਾਰਿਆਂ ਦੀ ਛਟਕ ਨੇ ਕੁਦਰਤ ਦੀ ਸ਼ੋਭਾ ਨੂੰ ਦੂਣਾ ਕਰ ਰੱਖਿਆ ਹੈ। ਲਾਹੌਰ ਸ਼ਹਿਰ ਤੋਂ ਬਾਹਰ ਵਾਰ ਸ਼ਾਂਤ ਤੇ ਇਕਾਂਤ ਅਸਥਾਨ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਨਾਲ ਦੇ ਤਖਤ ਪੋਸ਼ ਤੇ ਭਾਈ ਭਾਗ ਸਿੰਘ ਜੀ ਸਾਰੰਦੇ ਤੇ ਗਜ਼ ਫੇਰ ਰਹੇ ਹਨ, ਜੋੜੀ ਮੱਧਮ ਰੰਗ ਵਿਚ ਵੱਜ ਰਹੀ ਹੈ, ਭਾਈ ਹੀਰਾ ਸਿੰਘ ਜੀ ਨੇ ਨੈਣ ਰਸੀਲੇ, ਪੁਰ ਜਲਾਲ ਚੇਹਰੇ ਤੇ ਮੱਥੇ ਤੋਂ ਖਾਸ ਤਰ੍ਹਾਂ ਦਾ ਨਰ ਦੀਪਤ ਹੋ ਰਿਹਾ ਹੈ, ਆਨੰਦ ਤੇ ਰਸ ਵਿੱਚ ਆਏ ਝੂਮਦੇ ਝਾਮਦੇ ਗੁਰਬਾਣੀ ਦੇ ਅਣਿਆਲੇ ਤੀਰਾਂ ਨਾਲ ੩੫੦੦੦ ਦੇ ਕਰੀਬ ਮਨੁਖਾਂ ਨੂੰ ਦੂਵੀ ਭੂਤ ਬਣਾ ਦਿੱਤਾ, ਇੱਕ ਰੰਗ ਵਿ ਰਗ ਕਦੀਂ

ਭਿੰਨੀ ਰੈਨੜੀਐ ਚਮਕਨਿ ਤਾਰੇ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥

ਦੇ ਮਹਾਂ ਵਾਕ ਸੁਣਾ ਸਰੋਤਿਆਂ ਨੂੰ ਵਿਸਮ ਦੀ ਹਾਲਤ ਵਿੱਚ ਕਈ ਗੁਰ ਇਤਿਹਾਸ ਦੇ ਵਿੱਚੋਂ ਕੋਈ ਪ੍ਰਸੰਗ ਸੁਣਾ, ਬ੍ਰਹਮ ਗਯਾਨ ਦੇ ਭੰਡਾਰ ਖੋਹਲ ਆਤਮ ਮੰਡਲ ਦੇ ਹੁਲਾਰਿਆਂ ਵਿੱਚ ਤੇ ਕਦੀ ਗੁਰੂ ਸਿੱਖਾਂ ਤੇ ਗੁਰਮੁਖਾਂ ਦੇ ਕਾਰਨਾਮੇ ਸੁਣਾ ਹਿਰਦੇ ਦੇ ਕੰਵਲ ਗਦ ਗਦ ਕਰ ਰਹੇ ਸਨ।
ਨੌ ਬਜੇ ਦੇ ਕਰੀਬ ਕੀਰਤਨ ਸਮਾਪਤ ਹੋਇਆ. ਸੰਗਤਾਂ ਉਠ ਉਠ ਕੇ ਪ੍ਰਸ਼ਾਦ ਛਕਣ ਲਈ ਲੰਗਰ ਵਲ ਚਲੀਆਂ, ਲਾਲਾ ਹੰਸ ਰਾਜ ਸਾਹਿਬ ਪ੍ਰਿੰਸੀਪਲ ਡੀ.ਏ.ਵੀ. ਕਾਲਜ ਲਾਹੌਰ ਜਿਨ੍ਹਾਂ ਦੀ ਕੁਰਬਾਣੀ, ਵਿਦਵਤਾ ਤੇ ਆਰਯ ਸਮਾਜ ਦੀ ਸੇਵਾ ਸੰਬੰਧੀ ਸਾਰੇ ਮਹਿਮਾ ਕਰਨ ਵਿੱਚ ਪੰਜਾਬੀ ਹਿੰਦੂ ਤੇ ਆਰਯ ਸਮਾਜੀ ਇੱਕ ਜਬਾਨ ਸਨ, ਸੰਗਤ ਵਿੱਚੋਂ ਉਠ ਕੇ ਘਰ ਵਲ ਤੁਰ ਪਏ।" ਆਪ ਤੋਂ ਆਪ ਦੇ ਇੱਕ ਸਾਥੀ ਨੇ ਜਦ ਕੀਰਤਨ ਬਾਬਤ ਰਾਏ ਪੁੱਛੀ ਤਦ ਆਪ ਨੇ ਕਿਹਾ: ਚਾਰ ਘੰਟੇ ਅੰਮ੍ਰਿਤ ਦੀ ਵਰਖਾ ਹੁੰਦੀ ਰਹੀ ਹੈ ਜਿਸ ਤੋਂ ਮੈਂ ਤ੍ਰਿਪਤ ਹੋ ਕੇ ਚੱਲਿਆਂ ਹਾਂ।

18. ਇਕ ਹੋਰ ਮਿਸਾਲ ਭਾਈ ਵੀਰ ਸਿੰਘ ਜੀ ਨੇ ਹੀ ਪਿੰਡੀ ਘੇਬ ਦੇ ਸਕੂਲ ਦੀ ਦਿੱਤੀ ਹੈ ਜੋ ਸਕੂਲ ਖੁਲ੍ਹਚ ਸਮੇਂ ਤੋਂ ਮਾਇਕ ਔਕੜਾਂ ਤੋਂ ਇਲਾਵਾ, ਅਨਯਮਤੀਆਂ ਦੇ ਦਵੈਖ ਦਾ ਨਿਸ਼ਾਨਾ ਬਣ ਗਿਆ। ਮਿਡਲ ਕਲਾਸਾਂ ਦੀ ਸਰਕਾਰੀ ਗਰਾਂਟ ਬੰਧ ਹੋ ਗਈ। ਹੇਠਲੀਆਂ ਕਲਾਸਾਂ ਔਖ ਸੌਖ ਨਾਲ ਚਲ ਰਹੀਆਂ ਸਨ। ਇਕ ਵਕੀਲ ਜੋ ਡੀ.ਏ.ਵੀ. ਕਾਲਜ ਦੇ ਗ੍ਰੈਜੂਏਟ ਸਨ, ਨੇ ਆਰੀਆ ਸਮਾਜ ਸਕੂਲ ਖੋਲ੍ਹਣ ਦੀ ਤਿਆਰੀ ਕੀਤੀ ਤੇ ਖਾਲਸਾ ਸਕੂਲ ਦੀ ਰਲ ਕੇ ਵਿਰੋਧਤਾ ਕੀਤੀ।

ਇਤਫਾਕ ਨਾਲ ਸਕੂਲ ਦੇ ਪ੍ਰਬੰਧਕਾਂ ਦਾ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਨਾਲ ਰਾਵਲਪਿੰਡੀ ਮੇਲ ਹੋ ਗਿਆ। ਦਰਸ਼ਨਾਂ ਦੀ ਜਾਚਨਾ ਕੀਤੀ। ਆਪ ਨੇ ਸਕੂਲ ਦੀ ਵਿਥਿਆ ਸੁਣ ਠੰਡਾ ਸਾਂਹ ਭਰਿਆ, ਤੇ ਪਿੰਡੀ ਘੇਬ ਪੁਜੇ। "ਐਤਵਾਰ ਦਾ ਦਿਨ ਸੀ। ਸ਼ਹਿਰ ਦੇ ਹਿੰਦੂ ਆਰੀਆ ਵਕੀਲਾਂ ਤੇ ਮੁਸਲਮਾਨ ਅਫਸਰਾਂ ਨੂੰ ਖਾਸ ਤੌਰ ਤੇ ਨਿਮੰਤ੍ਰਨ ਦਿੱਤਾ ਗਿਆ ਸੀ, ਜੋ ਠੀਕ ਸਮੇਂ ਸਿਰ ਆ ਗਏ। ਉਹ ਵਕੀਲ ਜੀ ਵੀ ਆਏ। ਆਪ ਜੀ ਨੂੰ ਭਾਈ ਸਾਹਿਬ ਦੇ ਸਾਹਮਣੇ ਬਿਠਾ ਦਿੱਤਾ ਗਿਆ। ਕੀਰਤਨ ਸ਼ੁਰੂ ਹੋ ਗਿਆ। ਇੱਕ ਓਂਞ ਅਰਸ਼ੀ ਬਾਣੀ, ਫਿਰ ਉਹਦਾ ਰਾਗ ਵਿਚ ਗਾਇਨ, ਫਿਰ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਵਰਗੇ ਕਥਨੀ ਦੇ ਸੂਰੇ, ਨਾਮ ਦੇ ਰਸੀਏ, ਅਦੁਤੀ ਵਿਦਵਾਨ, ਅਤੇ ਇਕ ਜਾਦੂ ਬਿਆਨੀ ਵਿਆਖਿਆਕਾਰ ਦੀ ਜ਼ਬਾਨੀ ਵਿਆਖਿਆ, ਉਹ ਰੰਗ ਜੰਮਿਆ ਕਿ ਉਕਤ ਵਕੀਲ ਸਾਹਿਬ ਬਿਹਬਲ ਹੋ ਗਏ। ਉਨ੍ਹਾਂ ਤੇ ਕਰੁਣਾ ਰਸ ਛਾ ਗਿਆ ਤੇ ਅੱਖਾਂ ਵਿੱਚੋਂ ਬੇਵਸੇ ਹੰਝੂ ਡਿਗਣ ਲੱਗੇ। ਘੜੀ ਘੜੀ ਪਤਲੂਣ ਦੀ ਜੇਬ ਵਿੱਚ ਰੁਮਾਲ ਕਢ ਕੇ ਅੱਖਾਂ ਪੂੰਝਦੇ ਤੇ ਬੈਠਣ ਦੇ ਆਸਣ ਬਦਲਦੇ ਰਹੇ. ਦੀਵਾਨ ਖਤਮ ਹੋਇਆ। ਵਕੀਲ ਸਾਹਿਬ ਘਰ ਆ ਪੁਜੇ। ਥੋੜੀ ਦੇਰ ਮਗਰੋਂ ਉਨ੍ਹਾਂ ਦਾ ਗਵਾਂਢੀ ਇੱਕ ਸਹਿਜਧਾਰੀ ਸਿੱਖ ਵੀ ਜਾ ਮਿਲਿਆ। ਗਲ ਛੇੜ ਕੇ ਪੁਛਿਆ ਕਿ ਸੁਣਾਓ ਕੀਰਤਨ ਸੁਣ ਕੇ ਕੀ ਖਿਆਲ ਆਇਆ? ਵਕੀਲ ਜੀ ਨੇ ਸਹਿਜਧਾਰੀ ਵਲ ਵੇਖ ਕੇ ਕਿਹਾ, ਜੋ ਰਸ ਤੇ ਸਵਾਦ ਅਜ ਆਇਆ ਹੈ ਆਯੂ ਭਰ ਵਿੱਚ ਇਹ ਰੰਗ ਕਦੇ ਨਹੀਂ ਡਿਠਾ ਸੀ। ਕਾਸ਼! ਕੀਰਤਨ ਦਾ ਸਮਾਂ ਅੱਜ ਦੇ ਦਿਨ ਖਤਮ ਨਾ ਹੁੰਦਾ।"

ਭਾਈ ਸਾਹਿਬ ਨੇ ਦੋ ਦਿਨ ਹੋਰ ਕੀਰਤਨ ਕੀਤਾ ਤੇ ਇਹ ਵਕੀਲ ਜੀ ਦੋਨੋਂ ਦਿਨ ਸੁਣਨ ਜਾਂਦੇ ਰਹੇ। ਸਿੱਟਾ ਇਹ ਹੋਇਆ ਕਿ ਆਰੀਆ ਸਕੂਲ ਖੋਲ੍ਹਣ ਦਾ ਉੱਕਾ ਹੀ ਹਟ ਗਿਆ. ਸ਼ਹਿਰ ਦੀ ਵਿਰੋਧਤਾ ਕਾਫੀ ਚਿਰ ਲਈ ਦਬ ਗਈ ਤੇ ਇਹ ਵਕੀਲ ਸਾਹਿਬ ਸਕੂਲ ਨੂੰ ਯਥਾ ਯੋਗ ਸਹਾਇਤਾ ਦੇਂਦੇ ਰਹੇ। ਭਾਈ ਹੀਰਾ ਸਿੰਘ ਜੀ ਦੇ ਚਲਾਣੇ ਪਰ 'ਖਾਲਸਾ ਸਮਾਚਾਰ' ਮਿਤੀ ੯ ਸਤੰਬਰ ੧੯੨੬ ਦੇ ਮੁੱਖ ਲੇਖ ਦੇ ਇਹ ਸ਼ਬਦ ਵਰਣਨ ਯੋਗ ਹਨ, "ਇਸ ਗਲ ਵਿੱਚ ਰਤੀ ਜਿੰਨੇ ਵੀ ਸ਼ਕ ਦੀ ਗੁੰਜਾਇਸ ਨਹੀਂ ਕਿ ਪਿਛਲੇ ਪੰਝੀ ਸਾਲਾਂ ਵਿੱਚ ਆਪਣੀਆਂ ਤਕਰੀਰਾਂ ਨਾਲ ਜਿੰਨੀਆਂ ਰੂਹਾਂ ਨੂੰ ਨਾਸਤਕਤਾ, ਅਸ਼ਰਧਕਤਾ ਤੇ ਵਿਸ਼ੇ ਵਿਕਾਰਾਂ ਦੇ ਗੜ੍ਹ ਵਿਚੋਂ ਕਢ ਕੇ ਸ਼ੁਧ ਤੇ ਪਵਿੱਤਰ ਬਣਾ, ਗੁਰ ਗੋਦੀ ਵਿੱਚ ਇਸ ਇਕੱਲੇ ਕਰਨੈਲ ਨੇ ਬਿਠਾਇਆ। ਉੱਨਾ ਕੰਮ ਇਸ ਸਮੇਂ ਵਿੱਚ ਕਿਸੇ ਇੱਕ ਆਦਮੀ ਨੇ ਨਹੀਂ ਕੀਤਾ। ਇਸ ਲੇਖ ਵਿੱਚ ਹੋਰ ਲਿਖਿਆ ਹੈ, "ਭਾਈ ਹੀਰਾ ਸਿੰਘ ਜੀ ਰਾਗੀ, ਉਨ੍ਹਾਂ ਖਾਸ ਆਦਮੀਆਂ ਵਿੱਚੋਂ ਸਨ, ਜੋ ਹਮੇਸ਼ਾ ਉਤਪੰਨ ਨਹੀਂ ਹੁੰਦੇ, ਬਲਕਿ ਮੁਲਕੀ ਤੇ ਕੌਮੀ ਖਾਸ ਜ਼ਰੂਰਤਾਂ ਹੀ ਉਨ੍ਹਾਂ ਨੂੰ ਉਤਪੰਨ ਕਰਦੀਆਂ ਹਨ।" ਸ੍ਰੀ ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲੇ ਨੇ ਭਾਈ ਹੀਰਾ ਸਿੰਘ ਜੀ ਦੇ ਗੁਰਪੁਰੀ ਸਿਧਾਰਨ ਉਪਰੰਤ ਭੋਗ ਅਵਸਰ ਪਰ ਆਪਣੇ ਸ਼ਰਧਾ ਦੇ ਫੁਲ ਭੇਟ ਕਰਦੇ ਹੋਏ ਫੁਰਮਾਇਆ ਸੀ:

"ਭਾਈ ਹੀਰਾ ਸਿੰਘ ਰੇਸ਼ਮ ਦਾ ਕੀੜਾ ਸੀ ਜੋ ਰੇਸ਼ਮ ਕਢਦਾ ਕਢਦਾ ਆਪ ਬਸ ਹੋ ਗਿਆ।"

ਭਾਈ ਹੀਰਾ ਸਿੰਘ ਜੀ ਕਹਿਣੀ, ਸਹਿਣੀ, ਤੇ ਰਹਿਣੀ ਦੇ ਪੂਰੇ ਸਨ, ਉਨ੍ਹਾਂ ਦਾ ਜੀਵਨ ਇੱਕ ਅਮਲੀ ਜੀਵਨ ਸੀ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਇੱਕ ਥਾਂ ਲਿਖਦੇ ਹਨ, ਆਪ ਦੇ ਅੰਦਰ ਇਹ ਅਭਿਲਾਸ਼ਾ ਸੀ ਕਿ ਮੈਂ ਜੋ ਕੀਰਤਨ ਕਰਦਾ ਹਾਂ ਜੋ ਮੈਨੂੰ ਬਾਣੀ ਕਹਿੰਦੀ ਹੈ ਤੇ ਮੈਂ ਸੰਗਤਾਂ ਨੂੰ ਸੁਣਾਉਂਦਾ ਹਾਂ,

ਉਹ ਮੇਰਾ ਅਮਲੀ ਜੀਵਨ ਹੋਵੇ....

ਉਹ ਅਕਸਰ ਰਾਤ ਦੇ ਇੱਕ ਦੋ ਵਜੇ ਉੱਠ ਕੇ ਆਪਣੇ ਗੁਰੂ ਪ੍ਰਮੇਸ਼ਰ ਅੱਗੇ ਅਰਦਾਸ ਕਰਦੇ ਸਨ, ਆਪਣੇ ਜੀਵਨ ਨੂੰ ਕਥਨੀ ਅਨੁਸਾਰ ਕਰਨ ਲਈ।

It is said that he used to wake up an hour or two past midnight to meditate upon 'Naam', seeking to love in the holy word and to translate it into his own life. In such prayerful frame of mind, he would sing to himself or rather to his Satguru and more often than not, go into the 'Samadhi', receiving Divine benediction – which is the attribute of Amrit-Vela.



The gift of melody made him equally generous with money, contributing liberally to every educational institution, every orphanage or ashram he came across a generosity which would be the envy of any business tycoon coming as it did from far from wealthy, itinerant singer of Gurbani. He became a living legend, a Gurmukh-God oriented soul who harmonized life's cease-less

struggle with Gurbani's sweet cadences and its eternal varieties which have been beyond ordinary mortals' comprehension. Tansen is reputed to have exercised power that melted stones. Bhai Hira Singh's lyrical Kirtan miraculously moulded the minds and character of vast multitudes of men and women by simply making them turn to God and goodness. He stressed that Gurbani music was not an end in itself but the means to a deeper understanding of the life's purpose. He encouraged closer study of the Holy word, and, time and again, paused in his Kirtan to discuss and explain the meaning & context of the Shabad.

It was God's will that his extraordinary musician of Gurus' verses passed away in the prime of life and the height of his career much like a meteor which had shone across Sikhism's firmament for less than a quarter of a century.

The Gurbani Music Academy Calcutta is dedicated to the illustrious memory of Bhai Hira Singh and endeavours to build on his legacy of love and devotion to carry Guru’s melodious message to the people.

*************

**(ਅੰਮ੍ਰਿਤ ਕੀਰਤਨ ਸਤੰਬਰ ੧੯੮੯ ਅੰਕ ਵਿੱਚੋਂ ਸੁਰਗਵਾਸੀ ਮੇਜਰ ਆਗਿਆਪਾਲ ਸਿੰਘ ਸਪੁੱਤਰ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਦੀ ਲਿਖਤ)**

**ਮੈਗਜ਼ੀਨ ਮਿਲਣ ਤੇ ਜ਼ਰੂਰ ਸੂਚਿਤ ਕਰੋ ਜੀ:**
**ਸੰਪਾਦਕ - 9855640630**

**ਡਾ. ਜਾਗੀਰ ਸਿੰਘ ਦੀ ਨਵੀਂ ਪੁਸਤਕ ‘ਕਰਉ ਬੇਨਤੀਆਂ’ ਪ੍ਰਾਪਤ ਕਰਨ ਲਈ ਸੰਪਰਕ ਕਰੋ:**
**ਮੋ. 9855640630**

# ਪ੍ਰੇਰਨਾ ਪੱਤਰ

ਡਾ. ਜਾਗੀਰ ਸਿੰਘ

ਜਦੋਂ ਜੂਨ 1989 ਨੂੰ 'ਅੰਮ੍ਰਿਤ ਕੀਰਤਨ' ਮੈਗਜ਼ੀਨ ਦੀ ਪ੍ਰਕਾਸ਼ਨਾ ਆਰੰਭ ਕੀਤੀ ਗਈ ਤਾਂ ਪਹਿਲਾਂ ਇੱਕ ਪੱਤਰ ਇਸ ਦੀ ਸੂਚਨਾ ਦੇਣ ਲਈ ਆਪਣੇ ਮਿੱਤਰ ਪਿਆਰਿਆਂ ਨੂੰ ਭੇਜਿਆ ਗਿਆ। ਇਸ ਦੇ ਉੱਤਰ ਵਜੋਂ ਪੱਤਰ ਆਉਣੇ ਸ਼ੁਰੂ ਹੋਏ ਤਾਂ ਇਹਨਾਂ ਲਈ ਮੈਗਜ਼ੀਨ ਵਿੱਚ ਇੱਕ ਵੱਖਰਾ ਪੰਨਾ ਰੱਖਿਆ ਗਿਆ। ਇਹ ਪੱਤਰ ਇਤਨੇ ਉਤਸ਼ਾਹ ਦੇਣ ਵਾਲੇ ਅਤੇ ਜਾਣਕਾਰੀ ਭਰਪੂਰ ਸਨ ਕਿ ਬਾਅਦ ਵਿੱਚ ਅਸੀਂ ਇਸ ਪੰਨੇ ਦਾ ਨਾਂ 'ਮਿਤ੍ਰ ਅਸਾਡੜੇ ਸੇਈ' ਰੱਖ ਦਿੱਤਾ।

ਇਹਨਾਂ ਦਿਨਾਂ ਵਿੱਚ ਜਦੋਂ ਜ਼ਿੰਦਗੀ ਦੀ ਰਫਤਾਰ ਕੁਝ ਸੁਸਤ ਜਾਪ ਰਹੀ ਹੈ ਤੇ ਉਤਸ਼ਾਹ ਕੁਝ ਘਟ ਗਿਆ ਜਾਪਦਾ ਹੈ ਤਾਂ ਪੁਰਾਣੇ ਮੈਗਜ਼ੀਨ ਵੇਖਣ ਲੱਗ ਪੈਂਦਾ ਹਾਂ। ਹੁਣ ਜਦੋਂ ਮੇਰੇ ਅਜੀਜ਼ ਅਰਸ਼ਦੀਪ ਸਿੰਘ ਨੇ 'ਅੰਮ੍ਰਿਤ ਕੀਰਤਨ' ਵੈਬ ਸਾਈਟ ਵਧੀਆ ਬਣਾ ਦਿੱਤੀ ਹੈ ਅਤੇ ਸਾਰੇ ਅੰਕ ਵੈਬ ਸਾਈਟ ਤੇ ਅਪਲੋਡ ਕਰ ਦਿੱਤੇ ਹਨ। ਹੁਣ ਇਹ ਆਸਾਨੀ ਨਾਲ ਪੜ੍ਹੇ ਜਾ ਸਕਦੇ ਹਨ ਤਾਂ ਇਹਨਾਂ ਨੂੰ ਪੜ੍ਹਨਾ ਹੁਣ ਹੋਰ ਵੀ ਚੰਗਾ ਲਗਦਾ ਹੈ।

ਜੂਨ ੧੯੮੯ ਦਾ ਪਹਿਲੇ ਅੰਕ ਨੂੰ ਅਸੀਂ 'ਪ੍ਰਵੇਸ਼ ਅੰਕ' ਦਾ ਨਾਮ ਦਿੱਤਾ ਸੀ, ਇਸ ਨੂੰ ਸ਼ਿਮਲਾ ਦੇ ਗੁਰਦੁਆਰਾ ਸਾਹਿਬ ਵਿੱਚ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਰਿਲੀਜ਼ ਕੀਤਾ ਸੀ।

ਇਸ ਸਮੇਂ ਕੁਝ ਪੱਤਰਾਂ ਨੂੰ ਅਸੀਂ ਮੁੜ ਪ੍ਰਕਾਸ਼ਿਤ ਕਰਕੇ ਪ੍ਰੇਰਨਾਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਹਨਾਂ ਰਾਹੀਂ ਗੁਰਮਤਿ ਸੰਗੀਤ ਅਤੇ ਸਾਡੀ ਆਪਣੀ ਦਸ਼ਾ ਅਤੇ ਦਿਸ਼ਾ ਦਾ ਵਿਸ਼ਲੇਸ਼ਣ ਕਰਨ ਵਿੱਚ ਵੀ ਸਹਾਇਤਾ ਮਿਲੇਗੀ:

****ਪੰਜਾਬੀ ਸਾਹਿਤ ਨੇ ਇੱਕ ਨਵਾਂ ਮੋੜ ਉਸ ਸਮੇਂ ਲਿਆ ਜਦੋਂ ਸੰਗੀਤ ਪ੍ਰੇਮੀਆਂ ਨੂੰ ਆਪਣੀ ਮਾਤ-ਭਾਸ਼ਾ ਸਰਲ ਬੋਲੀ ਵਿੱਚ ਸੰਗੀਤ ਤੇ ਕੀਰਤਨ ਦਾ ਆਧੁਨਿਕ ਗਿਆਨ 'ਅੰਮ੍ਰਿਤ ਕੀਰਤਨ' ਰਾਹੀਂ ਭਰਪੂਰ ਮਿਲਣ ਲੱਗ ਪਿਆ। ----- ਪ੍ਰੋਫੈਸਰ ਪਰਮਜੋਤ ਸਿੰਘ, ਲੁਧਿਆਣਾ **(ਅਗਸਤ ੧੯੮੯)**

****ਅੰਮ੍ਰਿਤ ਕੀਰਤਨ ਟਰਸਟ ਬਨਾਉਣ ਲਈ ਜੋ ਯਤਨ ਆਪ ਨੇ ਕੀਤਾ ਹੈ, ਇੱਕ ਸ਼ਲਾਘਾ ਯੋਗ ਉੱਦਮ ਹੈ। ਸਿੱਖ ਫਲਸਫੇ ਅਤੇ ਅਧਿਆਤਮਕ ਖੇਤਰ ਵਿੱਚ ਕੀਰਤਨ ਇੱਕ ਰੂਹ ਹੈ। ਵਰਤਮਾਨ ਸਮੇਂ ਇਹਨਾਂ ਯਤਨਾਂ ਦੀ ਅਤਿ ਜ਼ਰੂਰਤ ਹੈ ਕਿ ਅਸੀਂ ਪੁਰਾਤਨ ਵਿਰਸੇ ਨੂੰ ਸੰਭਾਲ ਸਕੀਏ। ----- ਭਾਗ ਸਿੰਘ ਅਣਖੀ, ਚੀਫ ਖਾਲਸਾ ਦੀਵਾਨ, ਸ੍ਰੀ ਅਮ੍ਰਿਤਸਰ ਸਾਹਿਬ **(ਅਗਸਤ ੧੯੮੯)**

****ਤੁਸਾਂ ਅੰਮ੍ਰਿਤ ਕੀਰਤਨ ਟਰਸਟ ਕਾਇਮ ਕਰਕੇ, ਰਸਾਲੇ ਦਾ ਸ਼ੁੱਭ ਅਰੰਭ ਕੀਤਾ ਹੈ, ਉਸ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਥੋੜ੍ਹੀ ਹੈ। ਅੱਜ ਕਲ੍ਹ ਦੇ ਮਹਿੰਗਾਈ ਦੇ ਯੁੱਗ ਵਿੱਚ ਅਜਿਹਾ ਕਾਰਜ ਕਰਨਾ ਹਿਮਾਲਾ ਦੀ ਚੋਟੀ ਤੇ ਚੜ੍ਹਨ ਤੋਂ ਘਟ ਨਹੀਂ। ਉੱਦਮ ਲਈ ਵਧਾਈ।

ਪੇਪਰ ਦਾ ਮੁੱਖ ਕਵਰ ਬਹੁਤ ਖੂਬਸੂਰਤ ਹੈ। ਤ੍ਰੈ ਭਾਸ਼ਾਵਾਂ ਵਿੱਚ ਦਿੱਤੀ ਸਾਮੱਗਰੀ ਵੀ ਠੋਸ ਜਾਣਕਾਰੀ ਭਰਪੂਰ ਹੈ। ਰਾਗਾਂ ਤੇ ਸਾਜ਼ਾਂ ਦੀ ਗੱਲ ਛੋਹ ਕੇ ਜਿਸ ਤਰ੍ਹਾਂ ਤੁਸੀਂ ਤੁਰੇ ਹੋ, ਵਾਹਿਗੁਰੂ ਕਰੇ ਇਹ ਕਾਫਲਾ ਬਣਕੇ ਮੰਜ਼ਿਲੇ ਮਕਸੂਦ ਤੱਕ ਪੁੱਜੇ। ---- ਸੁਰਜੀਤ ਸਿੰਘ ਮਰਜਾਰਾ, ਮੰਡੀ ਗੋਬਿੰਦਗੜ੍ਹ **(ਅਗਸਤ ੧੯੮੯)**

****ਆਪ ਦਾ ਘੱਲਿਆ ਪਰਚਾ 'ਅੰਮ੍ਰਿਤ ਕੀਰਤਨ' ਅਸਾਂ ਹੱਥ ਆਇਆ। ਸੱਚੀ ਗੱਲ ਜਿੰਨੀ ਧੁੰਮ ਸੀ

ਉੱਨਾ ਤੇ ਨਹੀਂ ਜਚਿਆ, ਮੇਰੀ ਜਾਚੇ ਨਵਾਂ ਨਵਾਂ ਹੋਣ ਕਾਰਨ ਕਹਿ ਲਵਾਂ, ਨਾਮ-ਤੁੱਲ ਨਹੀਂ ਹੈ, ਹੋ ਜਾਏ ਦੂਆ ਹੈ।
ਇਸ ਵਿੱਚ ਜੋ ਮੈਨੂੰ ਸਭ ਤੋਂ ਅਸਰਦਾਇਕ ਸ਼ੈਅ ਲੱਗੀ ਸੀ, ਉਹ ਸੀ ਪੁਰਾਤਨ ਰਾਗੀਆਂ,ਰਬਾਬੀਆਂ, ਦਰਬਾਰੀ ਅਤੇ ਅਣਪਹੁੰਚੇ ਰਾਗੀਆਂ, ਗਾਇਕਾਂ, ਢਾਡੀਆਂ, ਸਾਜ਼ਿੰਦਿਆਂ, ਤੇ ਅਨਾਮ ਪਏ ਕਲਾਵਾਨਾਂ ਦੀ ਖੋਜ ਤੇ ਜੀਵਨੀ। ਤੁਸਾਂ ਇਸ ਮਹਾਨ ਫੀਚਰ ਨੂੰ ਅਜੇ ਪੂਰਨ ਰੂਪ ਵਿੱਚ ਨਹੀਂ ਚੁੱਕਿਆ, ਚੱਲੀ ਚੱਲੋ ਜੀ। ----- ਗਗਨ ਪਾਕਿਸਤਾਨੀ, ਯੂ ਐਸ ਏ **(ਅਗਸਤ ੧੯੮੯)**

****'ਅੰਮ੍ਰਿਤ ਕੀਰਤਨ' ਸਦਕਾ ਸੰਗੀਤ ਦੇ ਖੇਤਰ ਵਿੱਚ ਕੋਈ ਖੋਜ ਹੋ ਸਕੇਗੀ। ਚੰਗਾ ਸਾਹਿਤ ਵੀ ਸ਼ਾਇਦ ਉਪਜ ਸਕੇ। ਮੇਰੀ ਅਰਦਾਸ ਹੈ ਤੁਸੀਂ ਆਪਣੇ ਮਿਸ਼ਨ ਵਿੱਚ ਜ਼ਰੂਰ ਸਫਲ ਹੋਵੋ। ----- ਗੁਰਦਿਆਲ ਸਿੰਘ ਨਾਵਲਿਸਟ **(ਅਗਸਤ ੧੯੮੯)**

****'ਅੰਮ੍ਰਿਤ ਕੀਰਤਨ' ਦੀ ਪ੍ਰਵੇਸ਼ ਕਾਪੀ ਭੇਜਣ ਲਈ ਬਹੁਤ ਬਹੁਤ ਧੰਨਵਾਦ। ਪਰਚੇ ਦੀ ਸਮੱਗਰੀ ਬਹੁਤ ਧਿਆਨ ਨਾਲ ਚੁਣੀ ਜਾਪਦੀ ਹੈ। ਪੜ੍ਹ ਕੇ ਆਨੰਦ ਆਇਆ। ਤੁਹਾਡੀ ਲਗਨ, ਵਿੱਦਿਅਕ ਯੋਗਤਾ ਅਤੇ ਸਾਥੀਆਂ ਦੇ ਮਿਲਵਰਤਨ ਨਾਲ ਸਭ ਕੰਮ ਚੜ੍ਹਦੀ ਕਲਾ ਵੱਲ ਜਾਣਗੇ। ----- ਗੁਰਵੰਤ ਸਿੰਘ ਦਿੱਲੀ **(ਅਗਸਤ ੧੯੮੯)**

****'ਅੰਮ੍ਰਿਤ ਕੀਰਤਨ' ਦੀ ਕਾਪੀ ਲਈ ਸ਼ੁਕਰੀਆ। ਨਾ ਕੇਵਲ ਪਰਚੇ ਦੀ ਦਿੱਖ ਹੀ ਦਿਲਕਸ਼ ਹੈ ਸਗੋਂ ਪ੍ਰੋਸੀ ਗਈ ਸਮੱਗਰੀ ਨਿੱਗਰ ਅਤੇ ਵਧੀਆ ਹੈ। ਗੁਰਬਾਣੀ ਸੰਗੀਤ ਪੰਜਾਬੀ ਸਭਿਆਚਾਰਕ ਵਿਰਸੇ ਦਾ ਇੱਕ ਅਤਿ ਮਹੱਤਵਪੂਰਨ ਅੰਗ ਹੈ ਜਿਸ ਦੀ ਸਾਂਭ-ਸੰਭਾਲ ਅਤੇ ਪ੍ਰਚਾਰ-ਸੰਚਾਰ ਇੱਕ ਬਹੁਮੁੱਲਾ ਸਾਰਥਕ ਸਮਾਜਕ ਕਾਰਜ ਹੈ। ਇਸ ਦਿਸ਼ਾ ਵੱਲ ਤੁਹਾਡਾ ਇਹ ਉੱਦਮ ਬਹੁਤ ਸ਼ਲਾਘਾਯੋਗ ਹੈ। ਜਿਸ ਲਈ ਤੁਸੀਂ ਤੁਹਾਡੇ ਸਹਿਯੋਗੀਆਂ ਸਮੇਤ ਹਰ ਸੰਗੀਤ ਰਸੀਏ ਦੀ ਹਾਰਦਿਕਵਧਾਈ ਦੇ ਪਾਤਰ ਹੋ। ----- ਮੇਜਰ ਪਿਆਰਾ ਸਿੰਘ, ਮੁਹਾਲੀ। **(ਸਤੰਬਰ ੧੯੮੯)**

**** 'ਅੰਮ੍ਰਿਤ ਕੀਰਤਨ' ਦਾ ਜੂਨ ਅੰਕ ਤੇ ਹੁਣ ਜੁਲਾਈ ਅੰਕ ਮਿਲਿਆ ਹੈ। ਤੁਹਾਡੇ ਉੱਦਮ ਦੀ ਦਾਦ ਦੇਣ ਨੂੰ ਜੀ ਚਾਹੁੰਦਾ ਹੈ ਕਿਉਂਕਿ ਜੋ ਕੰਮ ਤੁਸੀਂ ਆਰੰਭ ਕੀਤਾ ਹੈ ਇਹ ਸ਼੍ਰੋਮਣੀ ਕਮੇਟੀ, ਚੀਫ ਖਾਲਸਾ ਦੀਵਾਨ ਜਾਂ ਫਿਰ ਪੰਜਾਬੀ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਜ਼ਿੰਮੇ ਆਉਂਦਾ ਸੀ। ਸਿੱਖ ਧਰਮ ਵਿੱਚ ਕੀਰਤਨ ਨੂੰ ਇੱਕ ਅਤਿ ਵਿਸ਼ੇਸ਼ ਦਰਜਾ ਪ੍ਰਾਪਤ ਹੈ ਅਤੇ ਗੁਰੂ ਸਾਹਿਬਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਪੂਰੀ ਬਾਣੀ ਰਾਗਾਂ ਰਚ ਕੇ ਸੰਗੀਤ ਦੇ ਮਹੱਤਵ ਤੇ ਬੱਲ ਦਿੱਤਾ ਹੈ, ਕੁਝ ਸਿੱਖ ਸੰਸਥਾਵਾਂ ਨੇ ਸਿੱਖ ਇਤਿਹਾਸ, ਫਿਲਾਸਫੀ ਅਤੇ ਵਿਚਾਰਧਾਰਾ ਉੱਤੇ ਤਾਂ ਕਾਫੀ ਨਿੱਗਰ ਕੰਮ ਕੀਤਾ ਹੈ ਪਰ ਗੁਰਬਾਣੀ-ਸੰਗੀਤ ਉੱਤੇ ਇਨ੍ਹਾਂ ਵੱਲੋਂ ਵਿਸ਼ੇਸ਼ ਖੋਜ ਨਹੀਂ ਕੀਤੀ ਗਈ ਅਤੇ ਨਾ ਹੀ ਪਰੰਪਰਾਗਤ ਚਲੀਆਂ ਆ ਰਹੀਆਂ ਬੰਦਸ਼ਾਂ ਅਤੇ ਰੀਤਾਂ ਨੂੰ ਹੀ ਯੋਗ ਢੰਗ ਨਾਲ ਲਿੱਪੀ ਬੱਧ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਦੋ ਦਹਾਕੇ ਪਹਿਲਾਂ ਪ੍ਰਸਿੱਧ ਰਈਸ ਸ. ਗਿਆਨ ਸਿੰਘ ਐਬਟਾਬਾਦ ਦੁਆਰਾ ਸ਼ਬਦ ਰੀਤਾਂ ਦੀ ਲਿੱਪੀਬੱਧ ਪੁਸਤਕ ਪ੍ਰਕਾਸ਼ਿਤ ਕੀਤੀ ਸੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਵੀ ਪੰਥ ਦੇ ਪ੍ਰਸਿੱਧ ਕੀਰਤਨੀਏ ਗੁਰਪੁਰਵਾਸੀ ਭਾਈ ਜਵਾਲਾ ਸਿੰਘ ਜੀ ਦੇ ਸਪੁੱਤਰ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਇੱਕ ਪੁਸਤਕ ਪ੍ਰਕਾਸ਼ਿਤ ਕੀਤੀ ਹੈ, ਪਰੰਤੂ ਇਨ੍ਹਾਂ ਯਤਨਾਂ ਤੋਂ ਇਲਾਵਾ ਵਿਸ਼ਾਲ ਤੌਰ ਤੇ ਬੰਦਿਸ਼ਾਂ ਅਤੇ ਰੀਤਾਂ ਦੀ ਸਾਂਭ ਸੰਭਾਲ ਦਾ ਕੋਈ ਨਿੱਗਰ ਯਤਨ ਨਹੀਂ ਕੀਤਾ ਗਿਆ।

ਇਸ ਸੰਦਰਭ ਵਿੱਚ ਇਹ ਦੱਸਣਾਂ ਆਵਸ਼ਕ ਹੈ ਕਿ ਭਾਰਤ ਤੋਂ ਦੂਰ ਬੈਠੇ ਭਾਈ ਅਮੀਰ ਸਿੰਘ ਜੀ ਨੇ ਸਿੰਘਾਪੁਰ ਵਿੱਚ ਅੱਜ ਤੋਂ 30 ਸਾਲ ਪਹਿਲਾਂ ਗੁਰੂ ਨਾਨਕ ਸਤਸੰਗ ਸਭਾ, ਸਿੰਘਾਪੁਰ ਦੀ ਸਥਾਪਨਾ ਕੀਤੀ ਅਤੇ ਹੁਣ ਤੱਕ ਉਹ ਸੈਂਕੜੇ ਦੀ ਗਿਣਤੀ ਵਿੱਚ ਕੀਰਤਨ ਦੀਆਂ ਮੂਲ ਟੇਪਾਂ ਤਿਆਰ ਕਰ ਚੁੱਕੇ ਹਨ।

ਮੂਲ ਟੇਪਾਂ ਦੀਆਂ ਕਾਪੀਆਂ ਉਨ੍ਹਾਂ ਨੇ ਹਜ਼ਾਂਰਾਂ ਦੀ ਗਿਣਤੀ ਵਿੱਚ ਬਣਾ ਕੇ ਵਿਸ਼ਵ ਭਰ ਦੇ ਕੀਰਤਨ ਪ੍ਰੇਮੀਆਂ ਨੂੰ ਲਾਗਤ ਮੁੱਲ ਤੇ ਉਪਲਬਧ ਕਰਾਈਆਂ ਹਨ, ਦੁਨੀਆਂ ਦੇ ਹਰ ਕੋਨੇ ਵਿੱਚ ਮਿਉਜ਼ੀਕਲ ਪੀਪਲ ਆਫ ਇੰਡੀਆ, ਮਿਊਜ਼ੀਕਲ ਵਾਇਸ ਆਫ ਇੰਡੀਆ, ਵੈਸਟਨ, ਅੰਮ੍ਰਿਤ ਰਸ ਆਦਿ ਨੇ ਆਵਸ਼ ਟੇਪਾਂ ਬਣਾਉਣ ਦੀ ਸੇਵਾ ਕੀਤੀ ਹੈ। ਇਨ੍ਹਾਂ ਕੰਪਨੀਆਂ 'ਚੋਂ ਟੈਕਸਲਾ (ਸਰਬ ਸਾਂਝੀ ਗੁਰਬਾਣੀ) ਦੇ ਮੁਖੀ ਸਰਦਾਰ ਰਾਜਾ ਸਿੰਘ ਦਾ ਨਾਂ ਵਿਸ਼ੇਸ਼ ਸਤਿਕਾਰ ਦਾ ਸਥਾਨ ਰਖਦਾ ਹੈ ਕਿਉਂ ਕਿ ਆਪ ਨੇ ਕੇਵਲ ਸ਼ਬਦ ਕੀਰਤਨ ਦੀਆਂ ਆਡਿਓ ਟੇਪਾਂ ਬਣਾਈਆਂ ਨਾਲ ਹੀ ਵੀਡੀਓ ਟੇਪਾਂ ਦਾ ਨਿਰਮਾਣ ਕਰਨਾ ਆਰੰਭ ਕੀਤਾ ਹੈ ਅਤੇ ਇਸ ਤੋਂ ਉੱਪਰ ਆਪ ਕਈ ਸਾਲ ਦੇਅਸ਼ ਪ੍ਰੇਮੀਆਂ ਨੂੰ ਹਰ ਐਤਵਾਰ ਦੀ ਸਵੇਰੇ ਟੀ ਵੀ ਤੇ 'ਸਰਬ ਸਾਂਝੀ ਗੁਰਬਾਣੀ' ਪ੍ਰੋਗਰਾਮ ਵਿਖਾਉਂਦੇ ਰਹੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂ ਸਾਹਿਬਾਂ, ਭਗਤਾਂ ਅਤੇ ਭੱਟਾਂ ਦੀ ਬਾਣੀ ਅਤੇ ਸਬੰਧਤ ਰਾਗ ਰਾਗਣੀਆਂ ਦੇ ਵਿਸ਼ੇ ਤੇ ਇੱਕ ਅਣਗਿਣਤ ਪੁਸਤਕਾਂ ਦੀ ਰਚਨਾਂ ਕੀਤੀ ਜਾ ਸਕਦੀ ਹੈ। ਆਪ ਨੇ 'ਅੰਮ੍ਰਿਤ ਕੀਰਤਨ' ਦੇ ਪ੍ਰਕਾਸ਼ਨ ਰਾਹੀਂ ਜੋ ਉਪਰਾਲਾ ਆਰੰਭਿਆ ਹੈ ਉਸ ਨੂੰ ਇੱਕ ਅਤਿ ਉੱਤਮ ਯਤਨ ਦਾ ਦਰਜਾ ਦਿੱਤਾ ਜਾ ਸਕਦਾ ਹੈ।ਕੀਰਤਨ ਦੇ ਵਿਦਿਆਰਥੀ ਤਾਂ ਇਸ ਤੋਂ ਲਾਭ ਉਠਾਣਗੇ ਹੀ, ਹਰ ਗੁਰਸਿੱਖ ਪ੍ਰੇਮੀ ਵੀ ਇਸ ਤੋਂ ਕੀਰਤਨ ਅਤੇ ਰਾਗ ਵਿਦਿਆ ਬਾਰੇ ਅਣਮੋਲ ਜਾਣਕਾਰੀ ਪ੍ਰਾਪਤ ਕਰੇਗਾ। ----- ਹਰਚਰਨ ਸਿੰਘ, ਸਹਾਇਕ ਸੰਪਾਦਕ, 'ਦਿ ਸਿੱਖ ਰੀਵੀਊ' ਕਲਕੱਤਾ **(ਸਤੰਬਰ ੧੯੮੯)**

****'ਅੰਮ੍ਰਿਤ ਕੀਰਤਨ' ਪੰਜਾਬੀ ਪਤਰਕਾਰੀ ਦੇ ਇਤਿਹਾਸ ਵਿੱਚ ਇੱਕ ਨਵੇਕਲੀ ਅਤੇ ਨਰੋਈ ਪਹੁੰਚ ਰਾਹੀਂ ਕੀਰਤਨ ਦੀ ਮਹੱਤਤਾ, ਮਹਾਨਤਾ ਦੇ ਆਦਰਸ਼ ਸਦਕਾ ਆਪਣੀ ਪਹਿਚਾਣ ਕਰਾਉਣ ਵਿੱਚ ਸਫਲ ਰਿਹਾ ਹੈ। ਸੁਨਹਿਰੇ ਭਵਿੱਖ ਲਈ ਚੰਗੇ ਉਦੇਸ਼ਾਂ ਦੀ ਪੂਰਤੀ ਜ਼ਰੂਰੀ ਹੁੰਦੀ ਹੈ। ਤੱਪ, ਤਿਆਗ ਅਤੇ ਸਾਧਨਾ ਸਫਲਤਾ ਦੀ ਪੌੜੀ ਹਨ। ਨਿਮਰਤਾ, ਨਿਰਮਾਣਤਾ ਅਤੇ ਦ੍ਰਿੜ ਇਰਾਦੇ ਦੀ ਪਗਡੰਡੀ 'ਅੰਮ੍ਰਿਤ ਕੀਰਤਨ' ਨੂੰ ਟੀਸੀ ਤੇ ਪਹੁੰਚਾ ਸਕਦੀ ਹੈ। ਫਿਰ ਝੱਖੜ ਹਨੇਰੀਆਂ ਅਤੇ ਵਾਵਰੋਲੇ ਸਾਨੂੰ ਅੱਗੇ ਵੱਧਣ ਤੋਂ ਨਹੀਂ ਰੋਕ ਸਕਦੇ।

'ਅੰਮ੍ਰਿਤ ਕੀਰਤਨ' ਰਾਗੀ ਸਿੰਘਾਂ ਲਈ ਵਰਦਾਨ ਦੇ ਰੂਪ ਵਿੱਚ ਸਾਹਮਣੇ ਆਇਆ ਹੈ।ਸਾਡੇ ਸਾਰਿਆਂ ਦਾ ਅਤੇ ਵਿਸ਼ੇਸ਼ ਰੂਪ ਵਿੱਚ ਰਾਗੀ ਸਿੰਘਾਂ ਦਾ ਫਰਜ਼ ਬਣਦਾ ਹੈ ਕਿ ਗੁਰਬਾਣੀ, ਕੀਰਤਨ ਅਤੇ ਰਾਗ ਵਿੱਦਿਆ ਸਬੰਧੀ ਲੇਖਾਂ ਨੂੰ ਗਹੁ ਨਾਲ ਪੜ੍ਹਨ ਅਤੇ ਵਿਚਾਰਨ।ਅੱਜ ਪ੍ਰਚਾਰ ਦੇ ਯੁੱਗ ਵਿੱਚ 'ਅੰਮ੍ਰਿਤ ਕੀਰਤਨ' ਰਾਗੀ ਸਿੰਘਾਂ ਦੀ ਅਵਾਜ਼ ਤੇ ਧੜਕਣ ਹੈ।

ਇਸ ਵਿਚਲੇ ਲੇਖ ਵਿਸ਼ਾ ਵਸਤੂ ਦੇ ਤੇ ਪੂਰੇ ਉਤਰਦੇ ਹਨ। 'ਤੁਹਾਡੇ ਪੱਤਰ' ਅਤੇ 'ਸਮਾਚਾਰ' ਦੇ ਭਾਗ ਨੂੰ ਬਣਾਈ ਰਖਣਾ ਜੀ।ਇਹਨਾਂ ਕਾਲਮਾਂ ਰਾਹੀਂ ਅੰਮ੍ਰਿਤ ਕੀਰਤਨੇ ਪਰਿਵਾਰ ਹਰ ਦੁੱਖ-ਸੁੱਖ ਵਿੱਚ ਭਾਈਵਾਲ ਰਹੇਗਾ।

ਅੰਤ ਵਿੱਚ ਨੌਜੁਆਨ ਪੀੜ੍ਹੀ ਲਈ ਗੁਰਮਤਿ ਗਿਆਨ ਦੇ ਉਪਰਾਲੇ ਲਈ ਵਧਾਈ ਦੇ ਪਾਤਰ ਹੋ। ਵਾਹਿਗੁਰੂ ਅੰਗ-ਸੰਗ ਸਹਾਈ ਹੋਵੇ ਅਤੇ ਤੁਹਾਡੀ ਘਾਲ ਕਮਾਈ ਮਿੱਠਾ ਫਲ ਸਾਬਤ ਹੋਵੇ। ----- ਵਰਿਆਮ ਸਿੰਘ ਖੁਰਾਣਾ, ਜਨਰਲ ਸਕੱਤਰ, ਸ੍ਰੀ ਸੁਖਮਣੀ ਸਾਹਿਬ ਸੇਵਾ ਸੁਸਾਇਟੀ, ਲੁਧਿਆਣਾ **(ਸਤੰਬਰ ੧੯੮੯)**

****ਪਰਚਾ ਵਿਦਵਤਾ ਭਰਪੂਰ ਹੈ, ਆਪ ਦਾ ਉੱਦਮ ਸ਼ਲਾਘਾਯੋਗ ਹੈ, ਮਿਹਨਤ ਕਰਦੇ ਚੱਲੋ ਜ਼ਰੂਰ ਸਫਲਤਾ ਮਿਲੇਗੀ। ----- ਗਿਆਨ ਸਿੰਘ, ਗੋਬਿੰਦਪੁਰਾ, ਸਿਰਸਾ **(ਸਤੰਬਰ ੧੯੮੯)**

****'ਕੀਰਤਨ' ਰਸਾਲੇ ਬਾਰੇ ਜਾਣ ਕੇ ਬੜੀ ਖੁਸ਼ੀ ਹੋਈ। ਬੜੇ ਦਿਨਾਂ ਦੀ ਇਹ ਤਾਂਘ ਸੀ ਕਿ ਸਾਨੂੰ

ਪਰਦੇਸਾਂ ਵਿੱਚ ਬੈਠਿਆਂ ਨੂੰ ਕੋਈ ਕੀਰਤਨ ਅਤੇ ਸੰਗੀਤ ਦਾ ਰਸਾਲਾ ਜਾਂ ਜਾਣਕਾਰੀ ਮਿਲੇ। ਸੋ ਸਤਿਗੁਰੂ ਦੀ ਮਿਹਰ ਸਦਕਾ ਇਹ ਕਾਮਨਾ ਪੂਰਨ ਹੋਈ ਹੈ। ----- ਭਾਈ ਬਲਜਿੰਦਰ ਸਿੰਘ ਗੁਰਦੁਆਰਾ ਖਰੀਦਾ, ਖੜਕ ਪੁਰ ਜ਼ਿਲਾ ਮਿਦਨਾ ਪੁਰ, ਬੰਗਾਲ **(ਅਕਤੂਬਰ ੧੯੯੯)**

****ਤੁਹਾਡਾ ਉੱਦਮ ਕੀਰਤਨ ਦੇ ਪਰਚਾਰ ਅਤੇ ਪਰਸਾਰ ਲਈ ਜ਼ਰੂਰ ਸਹਾਈ ਹੁੰਦਾ ਜਾ ਰਿਹਾ ਹੈ ਕਿਉਂਕਿ ਤੁਹਾਨੂੰ ਇਸ ਦੇ ਪਰਚਾਰ ਦੀ ਦਿਲੋਂ ਰੀਝ ਹੈ। ਮੈਂ ਤੁਹਾਡੇ ਲੇਖ ਪੜ੍ਹਦਾ ਰਹਿੰਦਾ ਹਾਂ।

ਕਹਿਣਾ ਪੈਂਦਾ ਹੈ ਕਿ ਗੁਰੂ ਸਾਹਿਬਾਨ ਨੇ ਕੀਰਤਨ ਨੂੰ ਸਿੱਖ ਸਭਿਆਚਾਰ ਵਿੱਚ ਉੱਚੀ ਥਾਂ ਦਿੱਤੀ ਪਰ ਸਾਡੀਆਂ ਧਾਰਮਿਕ ਸੰਸਥਾਵਾਂ ਨੇ ਇਸ ਦੀ ਮਹੱਤਤਾ ਨੂੰ ਨਹੀਂ ਸਮਝਿਆ। ਸਿੱਖ ਸਭਿਆਚਾਰ ਦੀਆਂ ਸੂਖਮਤਾਈਆਂ ਬੜੇ ਉਚੇਚੇ ਧਿਆਨ ਦੀ ਮੰਗ ਕਰਦੀਆਂ ਹਨ। ਇਹਨਾਂ ਵਿੱਚ ਮਿਆਰੀ ਕੀਰਤਨ ਪਰਚਾਰ ਦੀ ਬਹੁਤ ਅਣਹੋਂਦ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਪਿੰਡਾਂ ਵਿੱਚ ਕੀਰਤਨ ਵਿਦਿਆਲੇ ਖੋਹਲਣ ਵੱਲ ਧਿਆਨ ਦੇਵੇ।

'ਅੰਮ੍ਰਿਤ ਕੀਰਤਨ' ਦੇ ਨਾਲ ਨਾਲ ਕੈਸਟਾਂ ਰਾਹੀਂ ਵੀ ਕੁਝ ਰਾਗਾਂ ਦੀ ਜਾਣਕਾਰੀ ਉਪਰੰਤ 1-2 ਸ਼ਬਦ ਇਹਨਾਂ ਰਾਗਾਂ ਵਿੱਚ ਦੇਣ ਦਾ ਜਤਨ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਕੀਰਤਨ ਰਸੀਏ ਜਾਂ ਕੀਰਤਨ ਸਿੱਖਿਆਰਥੀ ਇਸ ਦਾ ਲਾਭ ਉਠਾ ਸਕਣ। ----- ਮਾਸਟਰ ਹੀਰਾ ਸਿੰਘ, ਸੁਰ ਸਿੰਘ, ਜ਼ਿਲਾ ਅੰਮ੍ਰਿਤਸਰ **(ਅਕਤੂਬਰ ੧੯੯੯)**

****ਪਿਛਲੇ ਸਾਲ ਇਸ ਮੁਲਕ ਦੀ ਯਾਤਰਾ ਦੌਰਾਨ, ਆਪ ਜੀ ਜੋ ਛਾਪ ਕੀਰਤਨ ਰਾਹੀਂ ਸੰਗਤਾਂ ਉਪਰ ਛੱਡ ਕੇ ਸੀ ਉਹ ਹਾਲੀ ਤਕ ਤਾਜ਼ਾ ਹੈ। ਉਪਰੰਤ ਆਪ ਨੇ ਸੰਗੀਤ ਅਤੇ ਕੀਰਤਨ ਦੇ ਖੇਤਰ ਵਿੱਚ ਨਵਾਂ ਮੈਗਜ਼ੀਨ ਕੱਢ ਕੇ ਲੰਮੇ ਸਮੇਂ ਤੋਂ ਚਲੀ ਆ ਰਹੀ ਘਾਟ ਨੂੰ ਕਿਸੇ ਹੱਦ ਤੱਕ ਪੂਰਾ ਕੀਤਾ ਹੈ। ੋਅੰਮ੍ਰਿਤ ਕੀਰਤਨੋ ਦੀ ਸੰਪਾਦਨਾਂ ਬਹੁਤ ਸੁਚੱਜੇ ਢੰਗ ਨਾਲ ਕੀਤੀ ਹੈ। ਕੀਰਤਨ, ਸੰਗੀਤ, ਰਾਗ, ਗੁਰਬਾਣੀ ਵਿਚਾਰ ਤੋਂ ਇਲਾਵਾ ਪੁਰਾਤਨ ਰਾਗੀ ਸਿੰਘਾਂ ਦੀ ਜਾਣਕਾਰੀ ਅਜੋਕੇ ਨੌਜੁਆਨਾਂ ਲਈ ਬਹੁਤ ਜ਼ਰੂਰੀ ਹੈ। ਤਿੰਨ ਭਾਸ਼ਾਵਾਂ ਵਿੱਚ ਦਿੱਤੇ ਲੇਖਾਂ ਤੋਂ ਸੰਗਤਾਂ ਵਧੇਰੇ ਅਨੰਦ ਮਾਣ ਸਕਣਗੀਆਂ।

ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ ਵੱਲੋਂ ਆਪ ਜੀ ਨੂੰ ਇਸ ਉਪਰਾਲੇ ਲਈ ਹਾਰਦਿਕ ਸ਼ੁੱਭ ਕਾਮਨਾਵਾਂ ਭੇਜਦੇ ਹਾਂ ਅਤੇ ਇਸ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ। ----- ਆਨਰੇਰੀ ਜਨਰਲ ਸਕੱਤਰ ਸਿੱਖ ਮਿਸ਼ਨਰੀ ਸੁਸਾਇਟੀ, ਸਾਉਥਹਾਲ, ਯੂ.ਕੇ. **(ਅਕਤੂਬਰ ੧੯੯੯)**

****ਰਸਾਲੇ ਦੀ ਦਿੱਖ, ਵਿਸ਼ਾ, ਵਸਤੂ, ਛਪਾਈ ਆਦਿ ਸਲਾਹੁਣ ਯੋਗ ਹਨ। ਪਰੰਤੂ ਸ਼ਲਾਘਾ ਦੇ ਪਾਤਰ ਤੁਸੀਂ ਆਪ ਹੋ ਜਿਹਨਾਂ ਨੂੰ ਅਜਿਹੀ ਪੱਤ੍ਰਕਾ ਕੱਢਣ ਦੀ ਵਿਚਾਰ ਫੁਰੀ ਤੇ ਇਸ ਨੂੰ ਉਤਸ਼ਾਹ ਪੂਰਵਕ ਇਤਨੇ ਸੁਚਾਰੂ ਢੰਗ ਨਾਲ ਪ੍ਰਫੁੱਲਤ ਕਰਕੇ ਜਿਹਨਾਂ ਨੇ ਸਿੱਖ ਕੀਰਤਨ ਸ਼ੈਲੀ ਨੂੰ ਉਘਾੜਨ, ਪਰਸਾਰਨ ਤੇ ਉਭਾਰਨ ਦਾ ਬੀੜਾ ਚੁੱਕਿਆ। ਵਾਹਿਗੁਰੂ ਪੂਰਨਤਾ ਬਖਸ਼ੇ।

ਕੋਈ ੧੫ ਕੁ ਸਾਲ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਤਦੋਂ ਦੇ ਵਾਈਸ ਚਾਂਸਲਰ ਸਾਹਿਬ ਨੂੰ ਮੈਂ ਅਜਿਹਾ ਸੁਝਾਉ ਦਿੱਤਾ ਸੀ, ਪਰ ਉਨ੍ਹਾਂ ਨੇ ਸ਼ਾਇਦ ਇਸ ਨੂੰ ਇੱਕ ਸੰਪਰਦਾਇਕ ਯੋਜਨਾ ਖਿਆਲ ਕਰਕੇ ਆਪ ਦਰ ਗੁਜ਼ਰ ਕਰ ਦਿੱਤਾ ਸੀ। ਉਸ ਘਾਟ ਨੂੰ ਪੂਰਾ ਕਰਨ ਦਾ ਸਿਹਰਾ ਆਪ ਨੂੰ ਪ੍ਰਦਾਨ ਹੋਇਆ ਹੈ।

ਮੈਂ ਆਪਣੇ ਆਪ ਨੂੰ ਵਡਭਾਗੀ ਸਮਝਦਾ ਹਾਂ ਕਿ ਮੈਂ ਛੋਟੀ ਉਮਰ ਹੀ ਦੋ ਐਸੇ ਮਹਾਂਪੁਰਖਾਂ ਦੇ ਦਰਸ਼ਨ ਕੀਤੇ ਅਤੇ ਉਹਨਾਂ ਦੀ ਸੰਗਤ ਵਿੱਚ ਕੁਝ ਸਮਾਂ ਬਿਤਾਇਆ ਹੈ ਜਿਹਨਾਂ ਦੇ ਰਸੀਲੇ ਨੈਣਾਂ, ਤੇਜਸਵੀ ਚਿਹਰਿਆਂ ਅਤੇ ਜਾਦੂ ਭਰਪੂਰ ਕੀਰਤਨ ਤੇ ਵਿਆਖਿਆ ਨੇ ਅੱਜ ਤੱਕ ਮੇਰੇ ਤੇ ਸਦੀਵੀ ਪ੍ਰਭਾਵ ਅੰਕਿਤ ਕੀਤਾ ਹੋਇਆ ਹੈ। ਉਹ ਹਨ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਤੇ ਭਾਈ ਸਾਹਿਬ ਰਾਗੀ ਹੀਰਾ ਸਿੰਘ ਜੀ। ਮੇਰੇ ਜਨਮ ਵਾਲੇ ਸ਼ਹਿਰ ਗੁਜਰਾਂ ਵਾਲੇ ਨਾਲ ਉਹਨਾਂ ਦੋਹਾਂ ਦਾ ਖਾਸ ਪ੍ਰੇਮ ਸੀ। ੧੯੨੩ ਵਿੱਚ

ਮੇਰੇ ਵੱਡੇ ਵੀਰ ਦੇ ਅਨੰਦ ਕਾਰਜ ਸਮੇਂ ਭਾਈ ਸਾਹਿਬ ਦੀ ਵਿਆਖਿਆ ਨੇ ਮੇਰੇ ਨੈਣਾਂ ਵਿਚ ਝੜੀ ਲੈ ਆਂਦੀ ਸੀ। ------ ਇੰਦਰ ਸਿੰਘ, ਪ੍ਰਿੰਸੀਪਲ (ਰਿਟ.) ਚੰਡੀਗੜ੍ਹ **(ਨਵੰਬਰ ੧੯੯੯)**

***'ਅੰਮ੍ਰਿਤ ਕੀਰਤਨ' ਦਾ ਤੀਸਰਾ ਅੰਕ ਪੜ੍ਹਿਆ। ਜਿੰਨੀ ਉਮੀਦ ਸੀ ਉੱਨੀ ਸਮੱਗਰੀ ਤਾਂ ਇਸ ਵਿਚ ਪੜ੍ਹਨ ਲਈ ਨਹੀਂ ਮਿਲੀ ਪਰ ਫੇਰ ਵੀ ਇਸ ਖੇਤਰ ਵਿਚ ਨਵੀਆਂ ਲੀਕਾਂ ਪਾਉਣ ਵਾਲੇ ਯਤਨ ਲਈ ਤੁਸੀਂ ਵਧਾਈ ਦੇ ਪਾਤਰ ਹੋ। ਆਰਥਕ ਪੱਖੋਂ ਹਰ ਪਾਠਕ ਇਹ ਚਾਹੁੰਦਾ ਹੈ ਕਿ ਜੇ ਕਿਸੇ ਪੱਤ੍ਰਕਾ ਉੱਤੇ ਉਹ 5 ਰੁਪਏ ਖਰਚ ਕਰਦਾ ਹੈ ਤਾਂ ਉਸ ਵਿੱਚੋਂ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਹੋਵੇ। ਇਸ ਵਿੱਚ ਇਹ ਗੱਲ ਕੋਈ ਜ਼ਿਆਦਾ ਮਹੱਤਵਪੂਰਨ ਕਿ ਕਾਗਜ਼ ਕਿਹੋ ਜਿਹਾ ਹੈ। ਪੱਤ੍ਰਕਾ ਵਿੱਚ ਇੰਨੀ ਕੁ ਸਮੱਗਰੀ ਜ਼ਰੂਰ ਹੋਣੀ ਚਾਹੀਦੀ ਹੈ ਜੋ ਪਾਠਕ ਦੀ ਤਸੱਲੀ ਕਰਵਾ ਸਕੇ। ਇਹ ਰਸਾਲਾ ਕੀਰਤਨ ਨਾਲ ਸਬੰਧ ਰੱਖਦਾ ਹੈ। ਇਸ ਲਈ ਇਸ ਵਿੱਚ ਲੜੀਵਾਰ ੧-੨ ਰਾਗੀ ਸਾਹਿਬਾਨ ਦੇ ਪਤੇ ਜ਼ਰੂਰ ਪ੍ਰਕਾਸ਼ਿਤ ਕਰਿਆ ਕਰੋ ਤਾਂ ਕਿ ਲੋੜ ਪੈਣ ਤੇ ਉਹਨਾਂ ਸਬੰਧ ਸਥਾਪਿਤ ਕੀਤਾ ਜਾ ਸਕੇ। ਭਾਈ ਦਿਲਬਾਗ ਸਿੰਘ ਭਾਈ ਗੁਲਬਾਗ ਸਿੰਘ ਜੀ ਦੀ ਬੜੀ ਤਾਰੀਫ ਸੁਣੀ ਸੀ। ਉਹਨਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਕੇ ਬੜੀ ਪ੍ਰਸੰਨਤਾ ਹੋਈ। ਇਸੇ ਤਰ੍ਹਾਂ ਲੜੀ ਵਾਰ ਰਾਗੀ ਸਿੰਘਾਂ ਨਾਲ ਮੁਲਾਕਾਤਾਂ ਪ੍ਰਕਾਸ਼ਤ ਕਰਿਆ ਕਰੋ।

ਬਾਣੀ ਦੇ ਮਹੱਤਵ ਬਾਰੇ ਪੂਰਾ ਚਾਨਣਾ ਪਹਿਲਾਂ ਸਾਨੂੰ ਹੋਣਾ ਚਾਹੀਦਾ ਹੈ ਤਾਂ ਹੀ ਬਾਅਦ ਵਿੱਚ ਕੀਰਤਨ ਦਾ ਰਸ ਆਉਂਦਾ ਹੈ। ਇਸ ਦਾ ਸ਼ੁੱਧ ਉਚਾਰਣ ਕਿਵੇਂ ਕੀਤਾ ਜਾਵੇ ਇਸ ਬਾਰੇ ਵੀ ਤੁਹਾਨੂੰ ਲੜੀ ਵਾਰ ਲੇਖ ਪ੍ਰਸਿੱਧ ਵਿਦਵਾਨਾਂ ਨਾਲ ਸੰਪਰਕ ਕਰਕੇ ਪ੍ਰਕਾਸ਼ਿਤ ਕਰਨੇ ਚਾਹੀਦੇ ਹਨ। ਇਕ ਅਜਿਹਾ ਕਾਲਮ ਵੀ ਪਾਠਕਾਂ ਲਈ ਸ਼ੁਰੂ ਕਰੋ ਜਿਸ ਵਿਚ ਜਗਿਆਸੂ ਪਾਠਕਾਂ ਨੂੰ ਸਵਾਲਾਂ ਦੇ ਜਵਾਬ ਮਿਲ ਸਕਣ।

ਦੂਸਰਾ ਅੱਜ-ਕੱਲ ਗੁਰਬਾਣੀ ਬੜੇ ਹੀ ਨਾਟਕੀ ਢੰਗ ਨਾਲ ਪੇਸ਼ ਕੀਤੀ ਜਾਂਦੀ ਹੈ ਜੋ ਕਿ ਕਈ ਵਾਰੀ ਬੜੀ ਅਜੀਬ ਸਥਿਤੀ ਪੈਦਾ ਕਰ ਦਿੰਦੀ ਹੈ। ਅੱਵਲ ਤਾਂ ਗੁਰਬਾਣੀ ਧਾਰਾ ਪ੍ਰਵਾਹ ਹੋਣੀ ਚਾਹੀਦੀ ਹੈ ਤੇ ਬਾਅਦ ਵਿਚ ਜੇ ਲੋੜ ਹੋਵੇ ਤਾਂ ਵਿਆਖਿਆ ਕਰ ਦਿੱਤੀ ਜਾਵੇ ਪਰ ਜੇ ਵਿਆਖਿਆ ਕਰਨੀ ਹੀ ਹੈ ਤਾਂ ਉਹ ਸੁਣਨ ਵਾਲੇ ਨੂੰ ਸਹਿਜ ਸੁਭਾਅ ਲੱਗਣੀ ਚਾਹੀਦੀ ਹੈ ਨਾ ਕਿ ਨਾਟਕੀ। ਪ੍ਰਸਿੱਧ ਤੀਰਥ ਸਥਾਨਾਂ ਉੱਤੇ ਧਾਰਾਪ੍ਰਵਾਹ ਕੀਰਤਨ ਚਲਦਾ ਹੈ। ਅੱਜਕਲ ਸੰਗਤ ਦਾ ਕੀਰਤਨ ਦਰਬਾਰ ਕਰਵਾਉਣ ਵੱਲ ਬਹੁਤ ਧਿਆਨ ਹੈ ਜਾਂ ਕਹਿ ਲਓ ਰੁਝਾਨ ਹੈ। ਪਰ ਰਾਗੀ ਜਥੇ ਆਪਣੇ ਕੀਰਤਨ ਦਰਬਾਰ ਵਿੱਚ ਪਹੁੰਚਣ ਦੀ ਕੀਮਤ ਦੱਸ ਕੇ ਇਕ ਵਾਰੀ ਤਾਂ ਸ਼ਰਧਾਲੂ ਨੂੰ ਭੰਬਲਭੂਸੇ ਪਾ ਦਿੰਦੇ ਹਨ। ਮੇਰੀ ਅਕਾਲ ਤਖਤ ਦੇ ਜਥੇਦਾਰ ਸਾਹਿਬ ਨੂੰ ਅਪੀਲ ਹੈ ਕਿ ਰਾਗੀ ਸਿੰਘਾਂ ਦਾ ਮੁਆਵਜ਼ਾ ਨਿਸ਼ਚਿਤ ਰੂਪ ਵਿੱਚ ਮਿਥਿਆ ਜਾਣਾ ਚਾਹੀਦਾ ਹੈ ਕਿ ਕੋਈ ਗੁਰਬਾਣੀ ਦੀ ਓਟ ਦਾ ਨਾਜਾਇਜ਼ ਲਾਭ ਨਾ ਉਠਾ ਸਕੇ। ਅੱਜ ਕੱਲ ਸਿੱਖ ਸਭਿਆਚਾਰ ਨੂੰ ਨਸ਼ਟ ਕਰਨ ਦੀ ਇਕ ਹੋਰ ਸਾਜ਼ਿਸ਼ ਚੱਲ ਰਹੀ ਹੈ। ਉਹ ਹੈ ਸ਼ਬਦਾਂ ਵਿੱਚ ਬੰਸਰੀ ਦਾ ਵੱਜਣਾ। ਸਿੱਖਾਂ ਲਈ ਕੀਰਤਨ ਕਰਦੇ ਸਮੇਂ ਮੂੰਹ ਨਾਲ ਵਜਾਇਆ ਜਾਣ ਵਾਲਾ ਹਰ ਸਾਜ਼ ਵਰਜਿਤ ਹੈ। ਇਸ ਨੂੰ ਸਾਨੂੰ ਸਖਤ ਅਵਾਜ਼ ਉਠਾ ਕੇ ਠੱਲ ਪਾਉਣੀ ਚਾਹੀਦੀ ਹੈ। ਤੇ ਪੁਰਾਤਨ ਰਵਾਇਤਾਂ ਨੂੰ ਜ਼ਿੰਦਾ ਰੱਖਣਾ ਚਾਹੀਦਾ ਹੈ। ਤਬਲਾ ਅਤੇ ਕੀਰਤਨ ਸਿਖਾਉਣ ਬਾਰੇ ਵੀ ਫੀਚਰ ਪ੍ਰਕਾਸ਼ਿਤ ਕਰੋ। ਜੇ ਕੋਈ ਚੰਗੀਆਂ ਸੰਸਥਾਵਾਂ ਤੁਹਾਡੀ ਨਿਗਾਹ ਵਿੱਚ ਹੋਣ ਤਾਂ ਪਤੇ ਪ੍ਰਕਾਸ਼ਿਤ ਕਰਨੇ। ----- ਹਰਕੰਵਲ ਜੀਤ ਸਿੰਘ ਖਾਲਸਾ, ਚੰਡੀਗੜ੍ਹ **(ਨਵੰਬਰ ੧੯੯੯)**

**ਚੱਲਦਾ......**

# ਭਾਈ ਪ੍ਰਭਵੀਰ ਸਿੰਘ

ਅਰਸ਼ਦੀਪ ਸਿੰਘ



ਆਪ ਜੀ ਦੇ ਪਿਤਾ ਦਾ ਨਾਮ ਸ. ਲਾਹੌਰ ਸਿੰਘ ਹੈ। ਆਪ ਜੀ ਨੇ ਆਪਣੀ ਐਮ.ਏ. ਗੁਰਮਤਿ ਸੰਗੀਤ ਵਿੱਚ ਪੰਜਾਬੀ ਯੂਨਿਵਰਸਿਟੀ ਤੋਂ ਪੂਰੀ ਕੀਤੀ। ਆਪ ਜੀ ਦਾ ਜਨਮ ਗੁਰੂ ਘਰ ਵਿੱਚ ਹੀ ਹੋਇਆ, ਆਪ ਜੀ ਗੁਰੂ ਘਰ ਵਿੱਚ ਹੀ ਵੱਡੇ ਹੋਏ।

ਆਪ ਜੀ ਬਚਪਨ ਤੋਂ ਹੀ ਗੁਰੂ ਘਰ ਨਾਲ ਜੁੜੇ ਹੋਏ ਸੀ ਅਤੇ ਆਪ ਜੀ ਨੇ ਛੋਟੇ ਹੁੰਦੇ ਤੋਂ ਹੀ ਕੀਰਤਨ ਸੁਣਨਾ ਅਤੇ ਕਰਨਾ ਸ਼ੁਰੂ ਕਰ ਦਿੱਤਾ ਸੀ। ਆਪ ਜੀ ਨੇ ੬ ਸਾਲ ਉਮਰ ਤੋਂ ਹੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਸ਼ੁਰੂ ਕਰ ਦਿੱਤੀ ਸੀ ਅਤੇ ਆਪ ਜੀ ਨੇ ੧੩ ਸਾਲ ਦੀ ਉਮਰ ਤੋਂ ਹੀ ਅਖੰਡ ਪਾਠ ਸਾਹਿਬ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਸੀ।

ਆਪ ਜੀ ੫-੬ ਸਾਲ ਦੀ ਉਮਰ ਤੋਂ ਸੇਵਾ ਕਰਨ ਲੱਗ ਗਏ ਸੀ। ਆਪ ਜੀ ਨੇ ਆਪਣਾ ਬਚਪਨ ਹਰਿਆਣੇ ਦੇ ਸੀਵਨ ਸ਼ਹਿਰ ਦੇ ਇੱਕ ਗੁਰਦੁਆਰੇ ਵਿੱਚ ਬੀਤਾਇਆ ਜਿੱਥੇ ਆਪ ਜੀ ਦੇ ਪਿਤਾ ਜੀ ਗ੍ਰੰਥੀ ਸਨ।

ਪਿਤਾ ਜੀ ਨੂੰ ਧਾਰਨਾਂ ਵਾਲਾ ਕੀਰਤਨ ਕਰਦੇ ਦੇਖ ਆਪ ਜੀ ਮੰਨ ਵਿੱਚ ਕੀਰਤਨ ਕਰਨ ਦਾ ਚਾਅ ਪੈਦਾ ਹੋਇਆ। ਆਪ ਜੀ ਇੱਕ ਦਿਨ ਕੀਰਤਨ ਰਹੇ ਸੀ ਜਦ ਆਪ ਜੀ ਦੇ ਘਰ ਇੱਕ ਬੀਮੇ ਕਰਨ ਵਾਲਾ ਸੱਜਣ ਆਇਆ ਜਿੰਨੇ ਆਪ ਜੀ ਦੇ ਪਿਤਾ ਜੀ ਨੂੰ ਕਿਹਾ ਕਿ ਆਪ ਜੀ ਨੂੰ ਕੀਰਤਨ ਸਿਖਾਇਆ ਜਾਵੇ ਕਿਉਂਕਿ ਆਪ ਜੀ ਦਾ ਕੀਰਤਨ ਸੁਣ ਕੇ ਉਹ ਸੱਜਣ ਬਹੁਤ ਖੁਸ਼ ਹੋਇਆ ਸੀ।

ਆਪ ਜੀ ਨੇ ਸੰਗੀਤ ਦੀ ਪ੍ਰਾਰੰਭਿਕ ਸਿੱਖਿਆ ਸ. ਨਰਿੰਦਰਪਾਰ ਸਿੰਘ ਜੁਗਲਾਂ ਕੋਲੋਂ ਲਈ, ਉਹਨਾਂ ਤੋਂ ਆਪ ਜੀ ਨੇ ਮਹੀਨੇ ਕੁ ਦੇ ਕਰੀਬ ਸਿੱਖਿਆ। ਫੇਰ ਆਪ ਜੀ ਨੇ ਸੰਗੀਤ ਦੀ ਸਿੱਖਿਆ ਸ਼੍ਰੀ ਦਿਨੇਸ਼ ਜੀ ਕੋਲੋਂ ਲਈ, ੮ ਮਹੀਨੇ ਆਪ ਜੀ ਨੇ ਉਹਨਾਂ ਕੋਲੋਂ ਸਿੱਖਿਆ। ਜਦ ਆਪ ਜੀ ੧੧ਵੀਂ ਵਿੱਚ ਸੀ, ਉਦੋਂ ਆਪ ਜੀ ਨੂੰ ਦਿਨੇਸ਼ ਜੀ ਨੇ ਉਹਨਾਂ ਦੇ ਉਸਤਾਦ ਪ੍ਰੋ. ਜਸਪਾਲ ਸਿੰਘ ਜੀ ਕੋਲ ਭੇਜ ਦਿੱਤਾ ਜਿੰਨ੍ਹਾਂ ਕੋਲ ਆਪ ਜੀ ਨੇ ਕਾਫੀ ਸਮਾਂ ਸਿੱਖਿਆ ਲਈ। ਪ੍ਰੋ. ਜਸਪਾਲ ਸਿੰਘ ਜੀ ਨੇ ਆਪ ਜੀ ਨੂੰ ਪੰਜਾਬੀ ਯੂਨਿਵਰਸਿਟੀ ਦੇ ਗੁਰਮਤਿ ਸੰਗੀਤ ਡੀਪਾਰਟਮੈਂਟ ਬਾਰੇ ਦੱਸਿਆ। ਜਦ ਆਪ ਜੀ ਗ੍ਰੈਜੂਏਸ਼ਨ ਕਰ ਰਹੇ ਸੀ ਉਦੋਂ ਆਪ ਜੀ ਯੂਨਿਵਰਸਿਟੀ ਦੇ ਗੁਰਦੁਆਰਾ ਸਾਹਿਬ ਕੀਰਤਨ ਹਾਜਰੀ ਦਾ ਕੋਈ ਵੀ ਮੌਕਾ ਨਹੀਂ ਸੀ ਗਵਾਉਂਦੇ। ਇੱਕ ਦਿਨ ਡਾ. ਗੁਰਨਾਮ ਸਿੰਘ ਜੀ ਨੇ ਆਪ ਜੀ ਦਾ ਕੀਰਤਨ ਸੁਣਿਆ ਅਤੇ ਆਪ ਜੀ ਨੂੰ ਆਪਣੇ ਕੋਲ ਬੁਲਾਇਆ, ਉਸ ਤੋਂ ਲੈਕੇ ਆਪ ਜੀ ਡਾ. ਸਾਹਿਬ ਦੇ ਹੋਨਹਾਰ ਵਿਦਿਆਰਥੀ ਹੋਂ।

ਆਪ ਜੀ ੨੦੧੦ ਤੋਂ ੨੦੧੭ ਤੱਕ ਸਾਥੀ ਵਜੋਂ ਕੀਰਤਨ ਹਾਜਰੀਆਂ ਭਰਦੇ ਰਹੇ। ਆਪ ਜੀ ਨੂੰ ਸੰਗੀਤ ਵਿੱਚ ਸਕੂਲ ਲੈਵਲ ਤੇ ਸਟੇਟ ਲੈਵਲ ਦਾ ਅਵਾਰਡ ਪ੍ਰਾਪਤ ਹੋਇਆ ਸੀ। ਸਕੂਲ ਵਿੱਚ ਹੁੰਦਿਆਂ ਹੀ ਆਪ ਜੀ ਦੀ ਅਵਾਜ਼ ਵਿੱਚ ਸਲੋਕ ਮ:੯ ਕੀਰਤਨ ਰੂਪ ਵਿੱਚ ਰੀਕਾਰਡ ਕਰਵਾਇਆ ਗਿਆ। ੨੦੧੬ ਵਿੱਚ ‘੩੩ ਸਵੈਯੇ’ ਕੀਰਤਨ ਰੂਪ ਵਿੱਚ ਰੀਕਾਰਡ ਕਰਵਾਏ ਗਏ ਜੋ ਕਿ ਈਸ਼ਰ ਟੀ.ਵੀ. ਤੇ ਪ੍ਰਸਾਰਿਤ ਹੋਏ। ਸੁਖਮਣੀ ਸਾਹਿਬ ਵੀ ਗਉੜੀ ਰਾਗ ਅੰਦਰ ਕੀਰਤਨ ਰੂਪੀ ਰੀਕਾਰਡ ਕਰਵਾਇਆ ਗਿਆ ਜੋ ਕਿ ਚੜ੍ਹਦੀਕਲਾ ਟਾਈਮ ਟੀ.ਵੀ. ਤੇ ਪ੍ਰਸਾਰਿਤ ਹੋਇਆ। ਆਪ ਜੀ ਨੂੰ ਕਾਲਜ ਦੇ ਯੂਥ ਫੈਸਟਿਵਲ ਵਿੱਚੋਂ

ਗ੍ਰੈਜੂਏਸ਼ਨ ਦੇ ਤਿੰਨੋ ਸਾਲ ਗੋਲਡ ਮੈਡਲ ਪ੍ਰਾਪਤ ਹੋਏ। ਕਾਲਜ ਲੈਵਲ ਤੇ ਸਟੇਟ ਲੈਵਲ ਦੇ ਯੂਥ ਫੈਸਟਿਵਲ ਵਿੱਚ ਆਪ ਜੀ ਤੀਜੇ ਸਥਾਨ ਤੇ ਆਏ। ੨੦੧੯ ਵਿੱਚ ਆਪ ਜੀ 'ਗਾਵਹੁ ਸੱਚੀ ਬਾਣੀ' ਵਿੱਚ ਫਾਈਨਲਿਸਟ ਰਹੇ ਸੀ।

ਆਪ ਜੀ ਨੇ ੨੦੨੧ ਵਿੱਚ ਸੁਤੰਤਰ ਤੌਰ ਤੇ ਆਪਣਾ ਕੀਰਤਨੀ ਜੱਥਾ ਬਣਾਇਆ ਅਤੇ ਗੁਰਦੁਆਰਾ ਦੁਖਨਿਵਾਰਨ ਸਾਹਿਬ, ਲੁਧਿਆਣੇ ਤੋਂ ਕੀਰਤਨ ਸੇਵਾਵਾਂ ਅਰੰਭ ਕੀਤੀਆਂ। ਦੁਖਨਿਵਾਰਨ ਸਾਹਿਬ ਸੇਵਾਵਾਂ ਨਿਭਾਉਣ ਤੋਂ ਬਾਅਦ ਆਪ ਜੀ ੨੦੨੩ ਵਿੱਚ ਅਮਰੀਕਾ ਚਲੇ ਗਏ ਅਤੇ ਗੁਰਦੁਆਰਾ ਕੈਪੀਟਲ ਸਿੱਖ ਸੈਂਟਰ, ਸੈਕਰਾਮੈਂਟੋ ਕੀਰਤਨ ਸੇਵਾਵਾਂ ਅਰੰਭ ਕੀਤੀਆਂ। ੨੦੨੫ ਤੋਂ ਆਪ ਜੀ ਗੁਰਦੁਆਰਾ ਸੈਕਰਾਮੈਂਟੋ ਸਿੱਖ ਸੋਸਾਇਟੀ, ਬਰਾਡਸ਼ਾਹ ਰੋਡ ਵਿਖੇ ਸੇਵਾਵਾਂ ਨਿਭਾ ਰਹੇ ਹੋਂ।

ਆਪ ਜੀ ਨੇ ਸਾਥੀ ਵਜੋਂ ਡਾ. ਗੁਰਨਾਮ ਸਿੰਘ ਜੀ ਨਾਲ ਵੱਖ-ਵੱਖ ਅਸਥਾਨਾਂ (ਸੱਚਖੰਡ ਸ੍ਰੀ ਦਰਬਾਰ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ, ਮੰਜੀ ਸਾਹਿਬ ਦੀਵਾਨ ਹਾਲ, ਆਦਿ) ਤੇ ਹਾਜਰੀਆਂ ਭਰੀਆਂ।

ਵਿਸ਼ਵ ਸਿੱਖ ਪਾਰਲੀਮੈਂਟ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ੪੦੦ ਸਾਲਾ ਪ੍ਰਕਾਸ਼ ਦਿਹਾੜੇ ਮੌਕੇ ਕਰਵਾਈਆਂ ਗਈਆਂ ਗੁਰੂ ਸਾਹਿਬ ਦੇ ਗਾਏ ਰਾਗਾਂ ਦੀ ਰੀਕਾਰਡਿੰਗਸ ਵਿੱਚ ਆਪ ਜੀ ਨੇ ਰਾਗ ਮਾਰੂ ਅਤੇ ਰਾਗ ਤਿਲੰਗ ਕਾਫੀ ਰੀਕਾਰਡ ਕਰਵਾਏ।

ਆਪ ਜੀ ਨੇ ਗੁਰਦੁਆਰਾ ਬੇਰ ਸਾਹਿਨ ਸੁਲਤਾਨਪੁਰ ਲੋਧੀ, ਹੋਲੇ ਮਹੱਲੇ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ, ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਹਾਜਰੀਆਂ ਭਰੀਆਂ। ਆਪ ਜੀ ਨੇ ਸਭ ਤੋਂ ਪਹਿਲਾਂ ਮਲੇਸ਼ੀਆ ਦਾ ਦੌਰਾ ਕੀਤਾ (੨੦੧੮), ਫਿਰ ਅਮਰੀਕਾ (੨੦੨੩ - ਹੁਣ), ਅਤੇ ਫਿਰ ਕੈਨੇਡਾ (੨੦੨੪ - ੨ ਵਾਰ)।

ਆਪ ਜੀ ਦੀ ਜਿੰਦਗੀ ਦੀ ਸਭ ਤੋਂ ਸੋਹਣੀ ਘਟਨਾ ਆਪ ਜੀ ਨਾਲ ਤਖਤ ਹਜੂਰ ਸਾਹਿਬ ਵਾਪਰੀ ਜਦੋਂ ਆਪ ਜੀ ਡਾ. ਗੁਰਨਾਮ ਸਿੰਘ ਜੀ ਨਾਲ ਸਚਖੰਡ ਗਮਨ ਦਿਵਸ ਦੇ ਦਿਵਾਨਾਂ ਤੇ ਹਾਜਰੀਆਂ ਭਰ ਰਹੇ ਸੀ। ਆਪ ਜੀ ਕੋਲ ਦੇਰ ਰਾਤ ਤਖਤ ਸਾਹਿਬ ਵੱਲੋਂ ਆਸਾ ਕੀ ਵਾਰ ਦੇ ਕੀਰਤਨ ਦਾ ਸੱਦਾ ਆਇਆ, ਜਿਹਦਾ ਕੀ ਆਪ ਜੀ ਨੂੰ ਜ਼ਰਾ ਵੀ ਅੰਦਾਜਾ ਨਹੀਂ ਸੀ। ਫਿਰ ਆਪ ਜੀ ਨੇ ਆਸਾ ਕੀ ਵਾਰ ਦੀ ਤਿਆਰੀ ਕੀਤੀ। ਜਦੋਂ ਹਾਜਰੀ ਭਰਨ ਦਾ ਸਮਾਂ ਆਇਆ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਕਿਰਪਾ ਹੋਈ ਅਤੇ ਹਾਜ਼ਰੀ ਬਹੁਤ ਵਧੀਆ ਰਹੀ। ਹਾਜਰੀ ਤੋਂ ਬਾਅਦ ਡਾ. ਗੁਰਨਾਮ ਸਿੰਘ ਜੀ ਨੇ ਆਪ ਜੀ ਨੂੰ ਗੱਲ ਨਾਲ ਲਾਇਆ ਅਤੇ ਸ਼ਾਬਾਸ਼ੀ ਦਿੱਤੀ।

ਆਪ ਜੀ ਹੁਣ ਤੱਕ ਲੱਗਭਗ ੬੦ ਵਿਦਿਆਰਥੀਆਂ ਨੂੰ ਕੀਰਤਨ ਸਿਖਲਾਈ ਦੇ ਚੁਕੇ ਹੋਂ ਜਿਨ੍ਹਾਂ ਦੀ ਉਮਰ ੫ ਤੋਂ ਲੈਕੇ ੫੦ ਸਾਲ ਤੱਕ ਸੀ। ਆਪ ਜੀ ਆਪਣੇ ਵਿਦਿਆਰਥੀਆਂ ਨੂੰ ਜਿਹੜੇ ਰਾਗ ਦੇ ਸਿਰਲੇਖ ਹੇਠ ਬਾਣੀ ਹੈ, ਉਸੇ ਵਿੱਚ ਹੀ ਸ਼ਬਦ ਸਿਖਾਉਂਦੇ ਹੋਂ।

ਆਪ ਜੀ ਡਾ. ਗੁਰਨਾਮ ਸਿੰਘ ਜੀ ਨੂੰ ਆਪਣਾ ਰੋਲ ਮੋਡਲ ਸਮਝਦੇ ਹੋਂ ਅਤੇ ਉਹਨਾਂ ਦੇ ਪਾਏ ਰਾਹ ਉੱਤੇ ਚੱਲਨ ਦੀ ਕੋਸ਼ਿਸ਼ ਕਰ ਰਹੇ ਹੋਂ।

ਆਪ ਜੀ ਮੰਨਦੇ ਹੋਂ ਕਿ ਕੀਰਤਨ ਬਿਨਾ ਆਪ ਜੀ ਦਾ ਜੀਵਨ ਅਧੂਰਾ ਹੈ। ਆਪ ਜੀ ਬਾਣੀ ਨੂੰ ਬਹੁਤ ਪ੍ਰੇਮ ਕਰਦੇ ਹੋਂ। ਆਪ ਜੀ ਕੀਰਤਨ ਨੂੰ ਅੱਜ ਦੇ ਬਹੁਤੇ ਕਹਿੰਦੇ-ਕਹਾਉਂਦੇ ਕੀਰਤਨੀਆਂ ਵਾਂਗ ਕਾਰੋਬਾਰ ਨਹੀਂ ਸਮਝਦੇ, ਸਗੋਂ ਕਿ ਇੱਕ ਉੱਤਮ ਕਰਮ ਸਮਝਦੇ ਹੋਂ।

"ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ॥"

**ਨਵੇਂ ਕੀਰਤਨੀਏ - (ਭਾਗ-੨)**

## ਅੱਸ਼ਾਕ (ਦਾਦਰਾ ਤਾਲ)

ਪ੍ਰੋ. ਗੁਰਬਖਸ਼ ਸਿੰਘ

ਮੇਰੀ ਸੇਜੜੀਐ ਆਡੰਬਰੁ ਬਣਿਆ ॥
ਮਨਿ ਅਨਦੁ ਭਇਆ ਪ੍ਰਭੁ ਆਵਤ ਸੁਣਿਆ ॥
ਪ੍ਰਭ ਮਿਲੇ ਸੁਆਮੀ ਸੁਖਹ ਗਾਮੀ ਚਾਵ ਮੰਗਲ ਰਸ ਭਰੇ ॥
ਅੰਗ ਸੰਗਿ ਲਾਗੇ ਦੂਖ ਭਾਗੇ ਪ੍ਰਾਣ ਮਨ ਤਨ ਸਭਿ ਹਰੇ ॥
ਮਨ ਇਛ ਪਾਈ ਪ੍ਰਭ ਧਿਆਈ ਸੰਜੋਗੁ ਸਾਹਾ ਸੁਭ ਗਣਿਆ ॥
ਬਿਨਵੰਤਿ ਨਾਨਕ ਮਿਲੇ ਸ੍ਰੀਧਰ ਸਗਲ ਆਨੰਦ ਰਸੁ ਬਣਿਆ ॥੨॥
(ਆਸਾ ਮਹਲਾ ੫) ਅੰਗ ੪੫੯

### ਅਸਥਾਈ

| | | | | | | | | | | | |
|---|---|---|---|---|---|---|---|---|---|---|---|
| (ਮ)ਧੁ | ਪ | ਮ | ਗ | ਸ | ਨੁਸ | ਗ | – | – | – | – | – |
| ਮੇ | ਰੀ | ऽ | ਸੇ | ਜ | ऽੜੀ | ਐ | ऽ | ऽ | ऽ | ऽ | ऽ |
| ਮ | ਗ | ਮ | ਗ | ਸ | ਨੁਸ | ਗਰ | ਸ | – | – | – | – |
| ਆ | ऽ | ऽ | ਡ | ਬ | ऽਰੁ | ਬਣਿ | ਆ | ऽ | ऽ | ऽ | ऽ |
| ਧੁਪ | ਧੁ | ਮ | ਪਧੁ | ਸੰਨ | ਰੇਂਰੇਂ | ਸੰ | – | – | – | – | – |
| ਮਨੁ | ऽ | ਅ | ਨऽ | ਦੁऽ | ऽਭਇ | ਆ | ऽ | ऽ | ऽ | ऽ | ऽ |
| ਰੇਂਰੇਂ | ਸੰ | ਨ | ਧੁ | ਪ | ਮ | ਮਮ | ਪ | – | ਮ | ਗ | – |
| ਪ੍ਰਭੁ | ऽ | ऽ | ਆ | ਵ | ਤ | ਸੁਣਿ | ਆ | ऽ | ऽ | ऽ | ऽ |
| ਗਮ | ਪਧੁ | ਮਪ | ਮਗ | ਸਨੁ | ਨੁਸ | ਗ | – | – | – | – | – |
| ਮੇऽ | ਰੀऽ | ऽऽ | ਸੇऽ | ਜऽ | ऽੜੀ | ਐ | ऽ | ऽ | ऽ | ऽ | ऽ |
| x | | | o | | | x | | | o | | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| | | | | | | | | | | | ਧੁਪ |
| | | | | | | | | | | | ਪ੍ਰਭ |
| ਧੁਪ | ਧੁ | –ਮ | ਪ | ਪਧੁ | ਨ | ਨਸੰ | ਰੇਂ | –ਨ | ਸੰ | ਸੰ | – |
| ਮਿਲੇ | ऽ | ऽਸੁ | ਆ | ਮੀऽ | ऽ | ਸੁਖ | ऽ | ऽਹ | ਗਾ | ਮੀ | ऽ |
| ਰੇਂਮੰ | ਰੇਂ | ਸੰਨ | ਨਧੁ | ਧੁਪ | ਮਮ | ਪ | – | – | – | – | – |
| ਚਾऽ | ਵ | ਮੰऽ | ਗਲ | ਰਸ | –ਭ | ਰੇ | ऽ | ऽ | ऽ | ऽ | ऽ |
| ਧੁਪ | ਧੁਧੁ | ਮ | ਪਧੁ | ਨ | – | ਸੰ | ਰੇਂ | ਨਸੰ | ਸੰ | ਸੰ | – |
| ਅੰਗ | ਸੰਗ | ऽ | ਲਾऽ | ਗੇ | ऽ | ਦੂ | ऽ | ऽਖ | ਭਾ | ਗੇ | ऽ |
| ਰੇਂਮੰ | ਰੇਂ | ਸੰਸੰ | ਨਨ | ਧੁਧੁ | ਪਮ | ਪ | – | – | ਮ | ਗ | – |
| ਪ੍ਰਾऽ | ਣ | ਮਨ | ਤਨ | ਸਭ | ऽਹ | ਰੇ | ऽ | ऽ | ऽ | ऽ | – |
| ਗਮ | ਪਧੁ | ਪਮ | ਗ | ਨੁ | ਸ | ਗ | ਗ | ਗ | – | – | – |
| ਆऽ | ऽऽ | ऽऽ | ਡ | ਬ | ਰ | ਬ | ਣਿ | ਆ | ऽ | ऽ | ऽ |
| ਮ | ਗ | ਮ | ਗ | ਨੁ | ਗ | ਸ | – | – | – | – | – |
| ਮੇ | ਰੀ | ऽ | ਸੇ | ਜ | ੜੀ | ਐ | ऽ | ऽ | ऽ | ऽ | ऽ, |
| x | | | o | | | x | | | o | | |



ਪ੍ਰੋ. ਤਾਰਾ ਸਿੰਘ ਜੀ ਦੀ ਰਚਿਤ ਸੁਰਲਿਪੀ ਦਾ ਗਾਇਨ ਕਰਦੇ ਹੋਏ
ਗੁਰਮਤਿ ਸੰਗੀਤ ਵਿਭਾਗ ਦੇ ਵਿਦਿਆਰਥੀ



ਸ. ਗੁਰ ਕ੍ਰਿਪਾਲ ਸਿੰਘ ਨੂੰ ਪਹਿਲਾ ਗੁਰਮਤਿ ਸੰਗੀਤ ਸੇਵਾ ਅਵਾਰਡ ਦਿੰਦੇ ਹੋਏ
ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ, ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ, ਡਾ. ਅਲੰਕਾਰ ਸਿੰਘ
ਅਤੇ ਪ੍ਰੋ. ਤਾਰਾ ਸਿੰਘ ਜੀ ਦੇ ਪਰਿਵਾਰਕ ਮੈਂਬਰ



ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ, ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ,
ਡਾ. ਅਲੰਕਾਰ ਸਿੰਘ, ਪ੍ਰੋ. ਜਸਬੀਰ ਸਿੰਘ ਜਵੱਦੀ ਅਤੇ ਪ੍ਰੋ. ਤਾਰਾ ਸਿੰਘ ਜੀ ਦੇ ਪਰਿਵਾਰਕ ਮੈਂਬਰ
ਸ. ਅਰਸ਼ਦੀਪ ਸਿੰਘ ਨੂੰ ਡਾ. ਜਾਗੀਰ ਸਿੰਘ ਦਾ ਸਨਮਾਨ ਸੌਂਪਦੇ ਹੋਏ

THE ALP GROUP

# EXPANDING CAPABILITIES

EPDM/PVC/TPE/TPR/ EXTRUDED PROFILES, MOULDED PARTS & WEATHER STRIPS




## PIONEERING ENGINEERING SOLUTIONS IN RUBBER & PLASTIC



















THE ALP GROUP


**Corporate Office:**
Plot No.: 32, Sector-18, HUDA, Gurgaon-122015 Haryana. India
Tel.: +91-124-4731500, 600 | web: www.alpgroupup.in
E-mail: alp@anbros.com